# ਸਰਦਲ


ਫ਼ਰਵਰੀ 1974

ਜਿਲਦ ] [ ਅੰਕ 8

ਮੁੱਲ ਇਕ ਰੁਪਿਆ
ਸਾਲਾਨਾ ਚੰਦਾ ਦਸ ਰੁਪਏ

ਐਡੀਟਰ
ਹਰਬੰਸ ਸਿੰਘ ਜੌਲੀ



ਕਹਾਣੀਆਂ

| | |
|---|---|
| ਅਟੈਚੀਕੇਸ | ਗੁਰਵੇਲ ਸਿੰਘ ਪੰਨੂ |
| ਬਿੰਦੀਆਂ | ਬਲਬੀਰ ਆਤਸ਼ |
| ਇਜ਼ਹਾਰੇ ਮੁਹੱਬਤ | ਤਰਸੇਮ ਬਾਹੀਆ |
| ਦੀਵਾਲੀ | ਜੋਗਿੰਦਰ ਭਾਟੀਆ |
| ਸਵੇਰਾ | ਤਾਰਾ ਸਿੰਘ ਅਰਸ਼ੀ |
| ਫ਼ੌਜ ਵਾਲਾ ਕਪਤਾਨ | ਰਿਪੁਦਮਨ ਸਿੰਘ ਰੂਪ |

ਇਹ ਹਮਾਰਾ ਜੀਵਣਾ / ਗੁਰਸ਼ਰਨ ਸਿੰਘ

ਕਵਿਤਾਵਾਂ

ਅਜੀਤ ਕੁਮਾਰ ਨਾਜ਼, ਪ੍ਰੋ: ਦਰਸ਼ਨ ਸਿੰਘ, ਬਲਬੀਰ ਆਤਸ਼, ਜਸਪਾਲ ਸਿੰਘ, ਤਾਰਾ ਸਿੰਘ ਅਰਸ਼ੀ, ਤਰਸੇਮ ਬਾਹੀਆ, ਗਗਨ 'ਪਾਲ', ਸਰਦਾਰ, ਸ਼ੈਲਾ ਸਿੰਘ ਨਾਹਰ ਸਿੰਘ ।

ਪਾਠਕ ਲੇਖਕ ਫੋਰਮ

ਚਿੱਲੀ ਬਾਰੇ ਲੇਖ / ਪ੍ਰੀਤਮ ਸਿੰਘ ਗਿੱਲ / ਸੁਧਾਕਰ ਰੈਡੀ
ਓਮ ਪ੍ਰਕਾਸ਼ ਸ਼ਰਮਾ ।

ਅਤੇ ਬਠਿੰਡਾ ਕਿਸਾਨ ਕਾਨਫਰੰਸ ਬਾਰੇ ਇਕ ਚਿੱਠੀ


**੨੩ ਮਾਰਚ ੧੯੭੪**—ਸ਼ਹੀਦ ਭਗਤ ਸਿੰਘ ਯਾਦਗਾਰ ਕਮੇਟੀ ਅੰਮ੍ਰਿਤਸਰ ਵਲੋਂ ਇਕ ਸਮਾਗਮ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ । ਇਸਦੀ ਪ੍ਰਧਾਨਗੀ ਪੰਡਤ ਕਿਸ਼ੋਰੀ ਲਾਲ ਜੀ ਕਰਨਗੇ । ਅੰਮ੍ਰਿਤਸਰ ਨਾਟਕ ਕਲਾ ਕੇਂਦਰ ਵਲੋਂ ਵਿਸ਼ੇਸ਼ ਨਾਟਕ ਕੀਤਾ ਜਾਏਗਾ ।

ਮਾਸਟਰ ਰਾਮ ਲਾਲ
ਸੈਕ੍ਰੇਟਰੀ ਫਰੀਡਮ ਫਾਈਟਰ ਐਸੋਸੀਏਸ਼ਨ
ਕਨਵੀਨਰ ਸ਼ਹੀਦ ਭਗਤ ਸਿੰਘ ਯਾਦਗਾਰ ਕਮੇਟੀ ।


ਐਡੀਟਰ, ਪ੍ਰਿੰਟਰ ਤੇ ਪਬਲਿਸ਼ਰ ਸ: ਹਰਬੰਸ ਸਿੰਘ ਜੌਲੀ ਦੀ ਨਿਗਰਾਨੀ ਹੇਠ ਜਸਪਾਲ ਪ੍ਰਿੰਟਿੰਗ ਪ੍ਰੈਸ, ਕਟੜਾ ਘਨਈਆਂ, ਅੰਮ੍ਰਿਤਸਰ ਤੋਂ ਛਪਵਾ ਕੇ, ਦਫਤਰ ਸਰਦਲ ਤੇਜ ਪ੍ਰਿੰਟਿੰਗ ਪ੍ਰੈਸ, ਕਟੜਾ ਸ਼ੇਰ ਸਿੰਘ, ਅੰਮ੍ਰਿਤਸਰ ਤੋਂ ਪ੍ਰਕਾਸ਼ਤ ਕੀਤਾ । ਪ੍ਰਕਾਸ਼ਕ ਮਿਤੀ ਫਰਵਰੀ 1, 1974,


## ਪੰਜਾਬੀ ਸਾਹਿਤ ਸਭਾ ਖੰਨਾ

ਅਜ ਤੋਂ ਢਾਈ ਸਾਲ ਪਹਿਲਾਂ ੨੭ ਜੁਲਾਈ, ੧੯੭੧ ਨੂੰ ਖੰਨਾ ਹਲਕਾ ਦੇ ਕੋਈ ੩੦ ਪੰਜਾਬੀ ਲੇਖਕਾਂ ਅਤੇ ਸੂਝਵਾਨ ਪਾਠਕਾਂ ਦੀ ਸੰਤੋਖ ਸਿੰਘ ਧੀਰ ਦੀ ਪਰਧਾਨਗੀ ਥੱਲੇ ਹੋਈ ਇਕ ਮੀਟਿੰਗ ਵਿਚ ਪੰਜਾਬੀ ਸਾਹਿਤ ਸਭਾ ਖੰਨਾ ਦੀ ਸਥਾਪਨਾ ਕੀਤੀ ਗਈ । ਇਸ ਸਭਾ ਨੂੰ ਕੇਂਦਰੀ ਪੰਜਾਬੀ ਲੇਖਕ ਸਭਾ ਨਾਲ ਸੰਬੰਧਤ ਕਰਨ ਦਾ ਫੈਸਲਾ ਕੀਤਾ ਗਿਆ । ਆਪਣੀ ਉਮਰ ਦੇ ਇਸ ਛੋਟੇ ਜਿਹੇ ਅਰਸੇ ਵਿਚ ਸਭਾ ਨੇ 'ਰਾਤ ਬਾਕੀ ਹੈ' ਨਾਵਲ ਉਤੇ ਇਕ ਵਡੀ ਗੋਸ਼ਟੀ ਕੀਤੀ । ਇਕ ਗੋਸ਼ਟੀ 'ਸਾਹਿਤ ਅਤੇ ਪਰਚਾਰ' ਵਿਸ਼ੇ ਤੇ ਕੀਤੀ ਗਈ, ਜਿਸ ਵਿਚ ਪ੍ਰੋ: ਹਿੰਮਤ ਸਿੰਘ ਸੋਢੀ ਨੇ ਪਰਚਾ ਪੜ੍ਹਿਆ । ਇਕ ਵਡਾ ਕਵੀ ਦਰਬਾਰ ਤੇ ਨਾਟਕ ਸੰਮੇਲਨ ਕੀਤਾ । ਸੰਤੋਖ ਸਿੰਘ ਧੀਰ ਦੀ ਬਿਮਾਰੀ ਵੇਲੇ ਕੁਝ ਮਾਇਕ ਸਹਾਇਤਾ ਕੀਤੀ, ਲੈਨਿਨ ਦਾ ਦਿਨ ਮਨਾਇਆ । 'ਲੈਨਿਨ ਦੇ ਸਾਹਿਤ ਬਾਰੇ ਵਿਚਾਰ' ਵਿਸ਼ੇ ਉਤੇ ਪ੍ਰੋ: ਤਰਸੇਮ ਬਾਹੀਆ ਨੇ ਪਰਚਾ ਪੜ੍ਹਿਆ । ਸ਼ਹੀਦ ਭਗਤ ਸਿੰਘ ਦਾ ਦਿਨ ਮਨਾਉਣ ਵੇਲੇ ਭਗਤ ਸਿੰਘ ਦੇ ਰਾਜਨੀਤਕ ਵਿਚਾਰਾਂ ਸੰਬੰਧੀ ਇਕ ਪੈਂਫਲੈਟ ਛਪਵਾ ਕੇ ਜਨਤਾ ਵਿਚ ਵੰਡਿਆ ਗਿਆ । ਪੰਜਾਬੀ ਬੋਲੀ ਦੀਆਂ ਅਜੋਕੀਆਂ ਸਮੱਸਿਆਵਾਂ, ਸਾਹਿਤ ਵਿਚ ਸੁਹਜ ਦਾ ਸੰਕਲਪ ਅਤੇ 'ਇਸ ਦਹਾਕੇ ਦਾ ਪੰਜਾਬੀ ਨਾਵਲ' ਵਿਸ਼ਿਆਂ ਤੇ ਪਰਚੇ ਕ੍ਰਮ ਵਾਰ ਪ੍ਰੋ: ਕਾਂਗ ਪ੍ਰੋ: ਦਰਸ਼ਨ ਸਿੰਘ ਅਤੇ ਡਾਕਟਰ ਕੇਸਰ ਸਿੰਘ ਵਲੋਂ ਪੇਸ਼ ਹੋਏ । ਇਸ ਤਰ੍ਹਾਂ ਪੰਜਾਬੀ ਸਾਹਿਤ ਸਭਾ ਖੰਨਾ ਹਲਕੇ ਦੇ ਸਭਿਆਚਾਰਕ ਅਤੇ ਸਾਹਿਤਕ ਜੀਵਨ ਵਿਚ ਇਕ ਉੱਘਾ ਹਿੱਸਾ ਪਾ ਰਹੀ ਹੈ । ਸਰਦਲ ਦੇ ਇਸ ਅੰਕ ਰਾਹੀਂ ਸਭਾ ਦੇ ਨਵੇਂ ਨਕੋਰ ਲੇਖਕਾਂ ਦੀਆਂ ਰਚਨਾਵਾਂ ਸਮੂਹ ਪੰਜਾਬੀ ਪਾਠਕਾਂ ਨੂੰ ਪੁਚਾਣ ਦਾ ਯਤਨ ਹੈ ।

—ਸੰਪਾਦਕ

## ਪੰਜਾਬੀ ਸਾਹਿਤ ਸਭਾ ਖੰਨਾ ਅੰਕ

## ਇਹ ਹਮਾਰਾ ਜੀਵਣਾ / ਗੁਰਸ਼ਰਨ ਸਿੰਘ

੧. ਵਿਦਿਆਰਥੀ ਸੰਘਰਸ਼—ਦੇਸ਼ ਦੀਆਂ ਵੱਖ ਵੱਖ ਥਾਵਾਂ ਤੋਂ ਜਿਹੜੀਆਂ ਖਬਰਾਂ ਆ ਰਹੀਆਂ ਹਨ, ਉਨ੍ਹਾਂ ਤੋਂ ਇਹ ਗਲ ਹੌਲੇ ਹੌਲੇ ਉਭਰ ਰਹੀ ਹੈ ਕਿ ਸਾਡਾ ਵਿਦਿਆਰਥੀ ਵਰਗ ਚੇਤਨ ਹੋ ਕੇ ਲੋਕਾਂ ਦੀਆਂ ਮੰਗਾਂ ਨਾਲ ਆਪਣੇ ਸੰਘਰਸ਼ ਨੂੰ ਇਕ-ਮੁੱਠ ਕਰ ਰਿਹਾ ਹੈ। ਬਠਿੰਡਾ ਦੇ ਇਲਾਕੇ ਵਿਚ ਵਾਹੀਕਾਰਾਂ ਅਤੇ ਵਿਦਿਆਰਥੀਆਂ ਨੇ ਇਕ ਸਾਂਝੀ ਜਥੇਬੰਦੀ ਬਣਾ ਕੇ ਨਰਮੇ ਦੀ ਫਸਲ ਦੀ ਮੰਡੀ ਵਿਚ ਲੁੱਟ ਘਸੁੱਟ ਨੂੰ ਰੋਕਿਆ, ਉਹ ਇਸ ਗਲ ਦਾ ਸਬੂਤ ਹੈ ਕਿ ਵਿਦਿਆਰਥੀ ਵਰਗ ਦਾ ਚੇਤਨ ਅੰਸ਼ ਸਮਾਜ ਵਲ ਅਪਣੀ ਜ਼ਿੰਮੇਵਾਰੀ ਨੂੰ ਸਮਝਦਾ ਹੈ। ੯ ਜਨਵਰੀ ਦੀ ਮੁਲਾਜ਼ਮਾਂ ਦੀ ਹੜਤਾਲ ਵੇਲੇ ਇਹ ਪੱਖ ਵੇਖਣ ਵਿਚ ਆਇਆ ਹੈ। ਖੇਤੀ ਇੰਸਪੈਕਟਰਾਂ ਦੇ ਸੰਘਰਸ਼ ਵਿਚ ਵੀ ਵਿਦਿਆਰਥੀ ਆਪਣਾ ਹਿੱਸਾ ਪਾ ਰਹੇ ਹਨ। ਦੇਸ਼ ਵਿਚ ਮਹਿੰਗਾਈ ਵਿਰੁਧ ਸੰਘਰਸ਼ਾਂ ਵਿਚ ਵੀ ਵਿਦਿਆਰਥੀ ਹੁਣ ਸੜਕ ਤੇ ਆ ਗਏ ਹਨ। ਵਿਦਿਆਰਥੀ ਲਹਿਰ ਵਿਚ ਇਹ ਬੜਾ 'ਹਾਂ ਪੱਖੀ' ਰੁਝਾਨ ਹੈ।

ਹਾਲੀ ਤਕ ਬਹੁਤੇ ਵਿਦਿਆਰਥੀ ਸੰਘਰਸ਼ ਨਿੱਕੀਆਂ ਨਿੱਕੀਆਂ ਮੰਗਾਂ ਲਈ ਘੋਲਾਂ ਤਕ ਸੀਮਤ ਰਹੇ ਹਨ। ਇਮਤਿਹਾਨ ਮੁਲਤਵੀ ਕਰਨ ਦੇ ਘੋਲ, ਕਿਸੇ ਪ੍ਰਿੰਸੀਪਲ ਜਾਂ ਪ੍ਰੋਫੈਸਰ ਨੂੰ ਬਦਲਾਉਣ ਜਾਂ ਰਖਣ ਲਈ ਘੋਲ ਜਾਂ ਬਹੁਤਾ ਹੋਇਆ ਤਾਂ ਮੈਨੇਜਮੈਂਟ ਵਿਚ ਬਦਲੀ ਕਰਨ ਦੇ ਘੋਲ। ਇਹਨਾਂ ਘੋਲਾਂ ਦਾ ਆਪਣਾ ਮਹੱਤਵ ਜ਼ਰੂਰ ਹੈ, ਪਰ ਵੇਖਿਆ ਗਿਆ ਹੈ ਕਿ ਇਹਨਾਂ ਸੀਮਤ ਘੋਲਾਂ ਵਿਚ ਕਈ ਵਾਰੀ ਵਿਦਿਆਰਥੀ ਵਰਗ ਦਾ ਗਲਤ ਅਨਸਰ ਅਗੇ ਆ ਜਾਂਦਾ ਹੈ। ਇਹ 'ਕਾਕੇ' ਕਿਸਮ ਦੇ ਵਡੇ ਘਰਾਂ ਦੇ ਮੁੰਡੇ ਅਤੇ ਉਹਨਾਂ ਕੋਲੋਂ ਖਾਣ ਪੀਣ ਵਾਲੇ ਉਹਨਾਂ ਦੇ ਯਾਰ ਬੇਲੀ, ਜਿਹਨਾਂ ਵਾਸਤੇ ਪੜ੍ਹਾਈ ਸ਼ੁਗਲ ਤੋਂ ਸਿਵਾ ਕੁਝ ਨਹੀਂ ਹੁੰਦਾ, ਜਿਹਨਾਂ ਦਾ ਅਗੇ ਪਿਛੇ ਕਾਲਜਾਂ ਦੀਆਂ ਕੈਨਟੀਨਾਂ ਵਿਚ ਬਹਿ ਕੇ ਕੁੜੀਆਂ ਤੇ ਆਵਾਜ਼ੇ ਕਸਣੇ ਜਾਂ ਕੁੜੀਆਂ ਨੂੰ 'ਡਿਸਕਸ' ਕਰਨ ਤੋਂ ਸਿਵਾ ਹੋਰ ਕੋਈ ਕੰਮ ਨਹੀਂ ਹੁੰਦਾ। ਇਹੋ ਜਿਹੇ ਘੋਲਾਂ ਵਿਚ ਬੜੀ 'ਡੈਸ਼' ਵਿਖਾ ਕੇ ਅਗੇ ਆ ਲਗਦੇ ਹਨ। ਇਹ ਘੋਲ ਉਹਨਾਂ ਦੀ ਬਾਅਦ ਦੀ ਜ਼ਿੰਦਗੀ ਵਿਚ ਗੁੰਡਾ ਕਾਰਵਾਈਆਂ ਲਈ ਜੁੰਡਲੀਆਂ ਬਨਾਉਣ ਦੀ ਰੀਹਸਲ ਹੋ ਕੇ ਨਿਬੜਦੀ ਹੈ। ਸੂਝਵਾਨ ਲੋਕਾਂ ਲਈ ਵਿਦਿਆਰਥੀਆਂ ਵਿਚ ਇਹ ਰੁਝਾਨ ਫਿਕਰ ਵਾਲੀ ਗਲ ਰਹੀ ਹੈ, ਜਦਕਿ ਵਕਤ ਦੇ ਹਾਕਮ ਅੰਦਰਖਾਤੇ ਇਹਨਾਂ ਰੁਝਾਨਾਂ ਤੇ ਖੁਸ਼ ਸਨ, ਇਸ ਲਈ ਉਹਨਾਂ ਕਦੀ ਇਹ ਜ਼ਰੂਰਤ ਨਹੀਂ ਸਮਝੀ ਸੀ ਕਿ ਉਹਨਾਂ ਦੀ ਪੁਲਸ ਪ੍ਰਿੰਸੀਪਲਾਂ ਦੀ ਇਜਾਜ਼ਤ ਬਗੈਰ ਇਹਨਾਂ ਸੰਘਰਸ਼ਾਂ ਵਿਚ ਦਖਲ ਅੰਦਾਜ਼ੀ ਕਰੇ ਜਾਂ ਕਾਲਜਾਂ ਵਿਚ ਦਾਖਲ ਵੀ ਹੋਵੇ।

ਪਰ ਹੁਣ ਜਦੋਂ ਕਿ ਵਿਦਿਆਰਥੀ ਲਹਿਰ ਜੰਤਕ ਲਹਿਰ ਦੀ ਸ਼ਕਲ ਇਖਤਿਆਰ ਕਰਨ ਦੇ ਰਾਹ ਵਲ ਤੁਰ ਪਈ ਹੈ ਤਾਂ ਹਾਕਮਾਂ ਨੂੰ ਫਿਕਰ ਹੋ ਗਿਆ ਹੈ। ਉਹਨਾਂ ਨੇ ਆਪਣੀਆਂ ਸਾਰੀਆਂ ਐਲਾਨੀਆਂ ਪਾਲਸੀਆਂ ਨੂੰ ਛੱਡ ਕੇ ਪੁਲਸ ਨੂੰ ਕਾਲਜਾਂ ਵਿਚ ਦਾਖਲ ਹੋਣ ਅਤੇ ਬਗੈਰ ਪ੍ਰਿੰਸੀਪਲਾਂ ਦੇ ਪੁਛਿਆਂ ਵਿਦਿਆਰਥੀਆਂ ਦੀਆਂ ਵਡੇ ਪੈਮਾਨੇ ਤੇ ਗ੍ਰਿਫਤਾਰੀਆਂ ਸ਼ੁਰੂ ਕੀਤੀਆਂ ਹਨ। ਵਿਦਿਆਰਥੀਆਂ ਲਈ ਹਕੂਮਤ ਦੇ ਇਹ ਦਾਓ ਪੇਚ ਸਮਝਣੇ ਬੜੇ ਜ਼ਰੂਰੀ ਹਨ। ਵਿਦਿਆਰਥੀ ਵਰਗ ਦੇ ਚੇਤਨ ਤੱਬਕੇ ਦਾ ਫਰਜ਼ ਬਣਦਾ ਹੈ ਕਿ ਉਹ ਆਪਸ ਵਿਚ ਇਕ ਦੂਜੇ ਵਿਰੁਧ ਬਿਆਨ ਦੇਣ ਦੀ ਥਾਂ ਹਕੂਮਤ ਦੇ ਇਸ ਵਾਰ ਦਾ ਮਿਲ ਕੇ ਮੁਕਾਬਲਾ ਕਰਨ ਤਾਂ ਜੋ ਵਿਦਿਆਰਥੀ ਲਹਿਰ ਦਾ ਜੰਤਾ ਵਲ ਨੇੜੇ ਜਾਣ ਦੇ ਮੁਹਾਨ ਨੂੰ ਰੋਕਿਆ ਨਾ ਜਾਵੇ।

ਜਿਹੜੇ ਲੋਕ ਇਹ ਕਹਿੰਦੇ ਹਨ ਕਿ ਵਿਦਿਆਰਥੀਆਂ ਦਾ ਕੰਮ ਸਿਰਫ ਪੜ੍ਹਨਾ ਹੈ ਅਤੇ ਦੇਸ਼ ਦੇ ਕੰਮਾਂ ਵਿਚ ਦਖਲ ਨਹੀਂ ਦੇਣਾ ਚਾਹੀਦਾ ਉਹ ਭੁਲ ਜਾਂਦੇ ਹਨ ਕਿ ਵਿਦਿਆਰਥੀਆਂ ਨੂੰ ਦਰਪੇਸ਼ ਸਮਸਿਆਵਾਂ, ਦੇਸ਼ ਦੀਆਂ ਸਮੱਸਿਆਵਾਂ ਦੇ ਹਲ ਲੱਭਣ ਤੋਂ ਬਿਨਾਂ ਹੱਲ ਨਹੀਂ ਕੀਤੀਆਂ ਜਾ ਸਕਦੀਆਂ। ਦੇਸ਼ ਦੀ ਮੁੜ ਉਸਾਰੀ ਕਰਨ ਲਈ ਜਿੰਨਾ ਚਿਰ ਕਲਪਨਾ ਵਿਚ ਕੋਈ ਸਹੀ ਵਿਸ਼ਾਲ ਭਵਿਖੀ ਨਕਸ਼ਾ ਨਹੀਂ ਹੁੰਦਾ, ਉੱਨਾ ਚਿਰ ਵਿਦਿਆ ਨੂੰ ਮੁੜ ਸੰਗਠਿਤ ਕਰਨ ਲਈ ਕੋਈ ਉਚਿਤ ਨਕਸ਼ਾ ਨਹੀਂ ਹੋ ਸਕਦਾ। ਇਸ ਤੋਂ ਬਿਨਾਂ ਜਿਹੜੀਆਂ ਵਿਦਿਆਰਥੀਆਂ ਨੂੰ ਨਿਤ ਸਮਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਉਨ੍ਹਾਂ ਦਾ ਵਾਸਤਾ ਵਿਦਿਆ ਨੂੰ ਮੁੜ ਸੰਗਠਤ ਕਰਨ ਦੀ ਸਮਸਿਆ ਬਾਰੇ ਰਾਜ ਕਰਦੀਆਂ ਜਮਾਤਾਂ ਦੀ ਪਹੁੰਚ ਨਾਲ ਹੈ।

ਫੀਸ ਮੁਆਫੀ, ਹੋਸਟਲ ਦੀਆਂ ਸਹੂਲਤਾਂ, ਘਟ ਕੀਮਤ 'ਤੇ ਕਿਤਾਬਾਂ ਆਦਿ, ਸਿਖਿਆ ਮਾਧਿਅਮ ਦੇ ਸਵਾਲਾਂ, ਇਮਤਿਹਾਨੀ ਢਾਂਚਾ ਆਦਿ ਵਰਗੀਆਂ ਸਾਰੀਆਂ

ਵਿਦਿਅਕ ਸਮੱਸਿਆਵਾਂ ਨਾਲ ਜੁੜਿਆ ਹੋਇਆ ਹੈ। ਵਿਦਿਆਰਥੀਆਂ ਤੋਂ ਬਿਨਾਂ ਹੋਰ ਲੋਕਾਂ ਨੂੰ ਜਿਹੜੀਆਂ ਸਮਸਿਆਵਾਂ ਪੇਸ਼ ਆਉਂਦੀਆਂ ਹਨ ਉਹ ਹਨ ਖੁਰਾਕ ਸੰਕਟ, ਕੀਮਤ ਵਾਧਾ, ਵਿਦਿਆ ਪ੍ਰਾਪਤ ਕਰ ਕੇ ਆਏ ਮੁੰਡੇ ਕੁੜੀਆਂ ਲਈ ਰੁਜ਼ਗਾਰ ਦੀਆਂ ਸਹੂਲਤਾਂ ਦੀਆਂ ਘਾਟਾਂ ਆਦਿ। ਸੋ ਲੋਕਾਂ ਦੀਆਂ ਇਨ੍ਹਾਂ ਸਾਰੀਆਂ ਸਮੱਸਿਆਵਾਂ ਦੇ ਹੱਲ ਲੱਭਣ ਲਈ ਦੇਸ਼ ਦੀ ਮੁੜ ਉਸਾਰੀ ਬਾਰੇ ਦਰੁਸਤ ਭਵਿੱਖੀ ਨਕਸ਼ਾ ਕਲਪਨਾ ਵਿਚ ਹੋਣਾ ਜ਼ਰੂਰੀ ਹੈ।

ਇਸ ਲਈ ਵਿਦਿਆਰਥੀ ਲਹਿਰ ਹੋਰ ਲੋਕ ਰਾਜੀ ਲਹਿਰਾਂ ਤੋਂ ਇਕਲਵਾਂਝੀ ਨਹੀਂ ਰਹਿ ਸਕਦੀ ਸਗੋਂ ਇਸਨੂੰ ਹੋਰ ਲਹਿਰਾਂ ਨਾਲ ਸਾਂਝੇ ਤੌਰ 'ਤੇ ਕੰਮ ਕਰਨਾ ਹੋਵੇਗਾ। ਹੋਰ ਲੋਕ ਰਾਜੀ ਲਹਿਰਾਂ ਨੂੰ ਵਿਦਿਆਰਥੀ ਲਹਿਰ ਵਿਕਸਿਤ ਕਰਨ ਲਈ ਹਰ ਸੰਭਵ ਯੋਗਦਾਨ ਦੇਣਾ ਚਾਹੀਦਾ ਹੈ। ਪਿਛਾਖੜੀ ਸ਼ਕਤੀਆਂ ਵਲੋਂ ਵਿਦਿਆਰਥੀ ਅਤੇ ਹੋਰ ਲੋਕ ਰਾਜੀ ਲਹਿਰਾਂ ਨੂੰ ਗਲਤ ਲੀਹਾਂ 'ਤੇ ਪਾ ਕੇ ਪਿਛਾਖੜ ਦੀ ਸਹਾਇਕ ਬਨਾਉਣ ਦੇ ਉਪਰਾਲਿਆਂ ਦਾ ਸੁਚੇਤ ਤੌਰ 'ਤੇ ਟਾਕਰਾ ਕਰਨਾ ਚਾਹੀਦਾ ਹੈ।

**੨ ਚਲਦੇ ਚਲਦੇ ਕੁਝ ਟਿਪਣੀਆਂ**

—ਜਦੋਂ ਉਹ ਪ੍ਰਧਾਨ ਮੰਤਰੀ ਬਣੀ ਤਾਂ ਉਹ 'ਮਾਈ ਬਾਪ' ਸੀ। ਉਹਨੇ ਲੋਕਾਂ ਨੂੰ ਉਹਨਾਂ ਦੀ ਗਰੀਬੀ ਹਟਾਉਣ ਦਾ ਲਾਰਾ ਦਿਤਾ ਸੀ। ਉਹ ਜਿਥੇ ਜਾਂਦੀ ਸੀ ਉਸਤੇ ਫੁੱਲਾਂ ਦੀ ਵਰਖਾ ਕੀਤੀ ਜਾਂਦੀ ਸੀ। ......ਉਹ ਹੁਣ ਵੀ ਪ੍ਰਧਾਨ ਮੰਤਰੀ ਹੈ, ਹੁਣ ਵੀ ਫੁੱਲਾਂ ਦੀ ਵਰਖਾ ਹੁੰਦੀ ਹੈ, ਪਰ ਫੁਕਰੇ ਆਸ਼ਿਕ ਦੇ ਲਤੀਫੇ ਵਾਂਗ ਹੁਣ ਇਹ ਫੁਲ ਗਮਲਿਆਂ ਸਮੇਤ ਆਉਣ ਲਗ ਪਏ ਹਨ। ਹੁਣ ਉਹਨੂੰ ਇਹ ਕਹਿਣਾ ਪੈ ਰਿਹਾ ਹੈ ਕਿ ਉਹ 'ਮਾਈ ਬਾਪ' ਨਹੀਂ, ਸਿਰਫ 'ਮਾਈ' ਹੈ। ਇਹ ਮਾਈ ਹੁਣ ਆਉਣ ਵਾਲੇ ਸਮੇਂ ਵਿਚ ਕੀ ਛਲ ਕਰਦੀ ਹੈ, ਇਹ ਲੋਕਾਂ ਨੇ ਵੇਖਣਾ ਹੈ, ਇਹ ਸਿਤਮ ਜ਼ਰੀਫੀ ਹੈ ਕਿ ਇਹ ਮਾਈ ਹਾਲੀ ਵੀ ਭੁਖੇ ਲੋਕਾਂ ਦੀ ਤਕਦੀਰ ਦੀ ਮਾਲਕ ਬਣ ਕੇ ਬੈਠੀ ਹੋਈ ਹੈ।

—ਜਦੋਂ ਉਹ ਗੁਰੂ ਨਾਨਕ ਯੂਨੀਵਰਸਿਟੀ ਹਾਕੀ ਦਾ ਮੈਚ ਵੇਖਣ ਆਇਆ ਤਾਂ ਉਹਦੇ ਸਿਰ ਤੇ ਪਟਿਆਲੇ-ਸ਼ਾਹੀ ਪਗ ਸੀ। ਰਾਜਿਆਂ ਮਹਾਰਾਜਿਆਂ ਤੋਂ ਘਟ ਵੀ ਨਹੀਂ ਸੀ, ਉਹਨੂੰ ਖੁਸ਼ ਕਰਨ ਵਾਸਤੇ ਯੂਨੀਵਰਸਿਟੀ ਦੇ ਪ੍ਰਬੰਧਕਾਂ ਨੇ ਪਹਿਲੇ ਦਿਨ ਮਿੱਥੇ ਹੋਏ ਪ੍ਰੋਗਰਾਮ ਨੂੰ ਉਲਟਾ ਕਰਕੇ ਹਰਿਆਨਾ ਅਤੇ ਮੇਰਠ ਤੋਂ ਆਈਆਂ ਮਹਿਮਾਨ ਟੀਮਾਂ ਦੇ ਜਜ਼ਬਾਤ ਨੂੰ ਠੁਕਰਾਂਦੇ ਹੋਏ, ਅਜ ਦਾ ਇਹ ਵਿਸ਼ੇਸ਼ ਮੈਚ ਕਰਵਾਇਆ ਸੀ। ਉਹਦੇ ਗਲ ਵਿਚ ਫੁੱਲਾਂ ਦੇ ਹਾਰ ਵੀ ਪਾਏ ਗਏ ਸਨ। ਮੈਚ ਜਦੋਂ ਖਤਮ ਹੋਇਆ ਤਾਂ ਸਭ ਕੁਝ ਉਲਟ ਪੁਲਟ ਸੀ। ਪਟਿਆਲੇਸ਼ਾਹੀ ਪੱਗ ਵਜ਼ੀਰ ਦੀ ਕੱਛ ਵਿਚ ਸੀ ਤੇ ਉਹ ਜੀਪ ਵਿਚ ਨਸਿਆ ਜਾਂਦਾ ਵੇਖਿਆ ਗਿਆ। ਲੋਕਾਂ ਨੇ ਕਿਹਾ—ਇਹ ਆਉਣ ਵਾਲੇ ਸਮੇਂ ਦਾ 'ਟਰੇਲਰ' ਹੈ।

o

ਕਹਾਣੀ / **ਅਟੈਚੀਕੇਸ** / ਗੁਰਵੇਲ ਸਿੰਘ ਪੰਨੂੰ

ਜਦ ਉਹ ਗੱਡੀ ਦੇ ਡੱਬੇ ਵਿਚ ਵੜਿਆ, ਕਿਸੇ ਨੇ ਉਸ ਵਲ ਧਿਆਨ ਨਹੀਂ ਦਿਤਾ। ਸਵਾਰੀਆਂ ਦਾ ਧਿਆਨ ਉਸ ਵੇਲੇ ਕਿਸੇ ਹੋਰ ਥਾਂ ਜੁੜਿਆ ਹੋਇਆ ਸੀ। ਕੋਈ ਅਦਿੱਖ ਸਮੱਸਿਆ ਉਸ ਵੇਲੇ ਹਵਾ ਵਿਚ ਲਟਕ ਰਹੀ ਸੀ ਤੇ ਸਭ ਸੁਆਰੀਆਂ ਦੀਆਂ ਅਚੇਤ ਤੇ ਸੁਚੇਤ ਸੁਰਤੀਆਂ ਉਸ ਵੇਲੇ ਉਸ ਸਮੱਸਿਆ ਨੇ ਮੱਲ ਰਖੀਆਂ ਸਨ... ਜਾਪਦਾ ਸੀ ਪੇਸ਼ ਸਮੱਸਿਆ ਬਾਰੇ ਸੁਆਰੀਆਂ ਹੁਣ ਤਕ ਕਾਫੀ ਚਰਚਾ ਕਰ ਚੁਕੀਆਂ ਸਨ। ਹੁਣ ਉਹ ਉਸ ਪੜਾਅ ਤੇ ਪਹੁੰਚ ਗਈਆਂ ਸਨ ਜਿਥੇ ਵਿਚਾਰ ਵਟਾਂਦਰਾ ਤੇ ਬਹਿਸ ਨਿਰਮੂਲ ਹੋ ਜਾਂਦੀ ਹੈ, ਜਿਥੇ ਵਿਚਾਰਾਂ ਦਾ ਘੋਲ ਬਾਹਰ ਨਹੀਂ, ਸਗੋਂ ਮਨ ਦੇ ਅੰਦਰ ਹੁੰਦਾ ਹੈ, ਜਿਥੇ ਧਿਰਾਂ ਨੂੰ ਇਕ ਦੂਜੇ ਨਾਲ ਨਹੀਂ, ਸਗੋਂ ਆਪਣੇ ਆਪ ਨਾਲ ਬਚਨ-ਬਿਲਾਸ ਕਰਨ ਦੀ ਮਜਬੂਰੀ ਹੁੰਦੀ ਹੈ।

ਹਵਾ ਵਿਚ ਲਟਕਦੀ ਗੰਭੀਰ ਸਮੱਸਿਆ ਦੀ ਮਹੱਤਤਾ ਨੇ ਉਸਨੂੰ ਪ੍ਰਭਾਵਤ ਹੀ ਨਹੀਂ ਸੀ ਕੀਤਾ, ਸਗੋਂ ਉਸ ਨੂੰ ਕੀਲ ਕੇ ਵੀ ਰਖ ਦਿਤਾ ਸੀ।

ਕੁਝ ਪਲਾਂ ਦੀ ਖਾਮੋਸ਼ੀ ਪਿਛੋਂ ਚੋ 'ਚ ਪਾਣੀ ਦੇ ਹੜ੍ਹ ਆਉਣ ਵਾਂਗ ਗੱਲਾਂ ਦਾ ਵਹਿਣ ਵਹਿ ਤੁਰਿਆ। ਗੱਲਾਂ ਦੇ ਇਸ ਹੜ੍ਹ ਨੇ ਸਮੱਸਿਆ ਨੂੰ ਰੂਪ ਦੇ ਕੇ, ਸਮਸਿਆ, ਜਾਣੀਦੀ ਉਸਦੇ ਸਾਹਮਣੇ ਸਾਕਾਰ ਖੜੀ ਕਰ ਦਿਤੀ ਸੀ।

ਗੱਡੀ ਦੇ ਡੱਬੇ ਦੀ ਫੱਟੀ ਵਿਚ ਇਕ ਅਟੈਚੀਕੇਸ ਪਿਆ ਸੀ, ਜਿਸ ਦਾ ਕੋਈ ਵਾਲੀ-ਵਾਰਸ ਨਹੀਂ ਸੀ। ਦੂਸਰੇ ਠੀਕ ਸ਼ਬਦਾਂ ਵਿਚ ਕਹਿਣਾ ਹੋਵੇ ਤਾਂ, ਇਹ ਕਿਹਾ ਜਾਵੇਗਾ ਕਿ ਉਸ ਅਟੈਚੀਕੇਸ ਨੂੰ ਕੋਈ ਉਥੇ ਫੱਟੀ ਵਿਚ ਰਖ ਗਿਆ ਸੀ।

"ਚੋਰੀ ਦਾ ਮਾਲ ਲਗਦਾ..."

"ਡਰਦਾ ਟੱਟੀ ਵਿਚ ਕੋਈ ਰਖ ਗਿਆ।"

"ਇਧਰ ਉਧਰ ਕਿਤੇ ਹੋ ਗਿਆ ਹੋਣਾ...ਮੌਕਾ ਤਾੜਕੇ ਚੁੱਕ ਲਊ।"

"ਜਾਪਦਾ ਕਾਫੀ ਭਾਰਾ। ਮਾਲ ਨਾਲ ਭਰਿਆ ਹੋਊ।"

"ਕੀ ਪਤਾ ਵਿਚ ਚਰਸ, ਅਫੀਮ ਹੀ ਹੋਵੇ।"

"ਬਾਹਰ ਕੁਝ ਕਾਲਾ ਕਾਲਾ ਲਗਿਆ ਤਾਂ ਲਗਦਾ।"

"ਲਹੂ ਸਿੰਮ ਕੇ ਬਾਹਰ ਸੁੱਕ ਗਿਆ ਜਾਪਦਾ।"

"ਬੱਚੇ ਦੀ ਲਾਸ਼ ਵੀ ਤਾਂ ਹੋ ਸਕਦੀ ਹੈ ਉਸ ਵਿਚ।"

"ਅਟੈਚੀ ਦਾ ਸਾਈਜ਼ ਤਾਂ ਰਤਾ ਵੇਖ। ਉਸ ਵਿਚ ਤਾਂ ਭਾਵੇਂ ਪੂਰੇ ਬੰਦੇ ਦੇ ਟੁਕੜੇ ਕਰਕੇ ਬੰਦ ਕਰ ਦਿਓ।"

"ਕਿਸੇ ਖ਼ੂਨੀ ਹਤਿਆਰੇ ਦਾ ਕੰਮ ਲਗਦਾ।"

ਫਿਰ ਕਈ ਕਿੱਸੇ ਤੇ ਕਈ ਕਹਾਣੀਆਂ ਸੁਣਾਈਆਂ ਗਈਆਂ।

ਫਲਾਣੇ ਸ਼ਹਿਰ ਬੱਸਾਂ ਦੇ ਅੱਡੇ ਤੇ ਟਰੰਕ ਵਿਚੋਂ ਔਰਤ ਦੀ ਲਾਸ਼ ਮਿਲੀ ਸੀ। ਛਾਤੀਆਂ ਤੇ ਲੱਤਾਂ ਕੱਟੀਆਂ ਹੋਈਆਂ ਸਨ।

ਫਲਾਣੇ ਪਿੰਡ ਨਹਿਰ ਵਿਚ ਰੁੜ੍ਹਦੇ ਜਾਂਦੇ ਇਕ ਸੰਦੂਕ ਵਿਚੋਂ ਬੰਦੇ ਦੀ ਲਾਸ਼ ਲੱਭੀ ਸੀ। ਸਿਰ ਹੈ ਹੀ ਨਹੀਂ ਸੀ।

ਫਲਾਣੇ ਸਟੇਸ਼ਨ ਤੇ ਗੱਡੀ ਵਿਚੋਂ ਇਕ ਅਟੈਚੀਕੇਸ ਮਿਲਿਆ ਸੀ ਵਿਚੋਂ ਟੁਕੜੇ ਟੁਕੜੇ ਕੀਤੀ ਬੱਚੇ ਦੀ ਵਿਚੋਂ ਲਾਸ਼ ਮਿਲੀ ਸੀ।

ਗੱਡੀ ਹਾਲਾਂ ਵੀ ਸਟੇਸ਼ਨ ਤੇ ਖਲੋਤੀ ਸੀ। ਸ਼ਾਇਦ ਇਥੇ ਇੰਜਣ ਬਦਲਣਾ ਸੀ, ਜਾਂ ਪਾਣੀ ਕੋਲਾ ਇੰਜਣ ਭਰਨਾ ਸੀ।

ਨੌਜੁਆਨ ਨੇ ਸਭ ਕੁਝ ਸੁਣਿਆ ਤੇ ਉਸਦੇ ਅੰਦਰ ਸੁੱਤੀ ਰਾਜਨੀਤਕ ਚੇਤੰਨਤਾ ਨੇ ਉਥਲਵੱਟਾ ਭੰਨਿਆ।

ਨੌਜੁਆਨ ਕੋਈ ਸਾਧਾਰਨ ਭਾਰਤ-ਵਾਸੀ ਨਹੀਂ ਸੀ। ਉਸ — ਬਹੁਤ ਸਾਲ ਪਹਿਲਾਂ ਦੀ ਗੱਲ ਹੈ ਭਾਵੇਂ— 'ਜੈ ਹਿੰਦ' ਤੇ 'ਭਾਰਤ ਮਾਤਾ ਦੀ ਜੈ' ਦੇ ਨਾਹਰੇ ਲਾਏ ਸਨ। ਕਿੰਨੇ ਹੀ ਸਾਲ। ਤੇ ਅਖੀਰ ਉਸਦਾ ਗਲਾ ਫਟ ਗਿਆ ਸੀ।

ਉਹ ਇਨਕਲਾਬੀ ਵੀ ਰਿਹਾ ਸੀ। ਮਲਕ ਭਾਗੋਆਂ ਦੀ ਕਮਰ ਤੋੜਨ ਲਈ ਲੰਮੇ ਉਚੇ ਵੰਝ 'ਤੇ ਝੰਡਾ ਲਹਿਰਾ ਕੇ ਉਹ ਜਲੂਸਾਂ ਵਿਚ ਤੁਰਿਆ ਸੀ। ਕਿੰਨੇ ਹੀ ਸਾਲ। ਤੇ ਅਖੀਰ ਉਸਦੀ ਆਪਣੀ ਕਮਰ ਟੁੱਟ ਗਈ ਸੀ।

ਤੇ ਉਹ ਬੇਆਸ ਹੋ ਗਿਆ ਸੀ। ਫਟੇ ਗਲੇ ਨੂੰ ਸਿਵਾ ਕੇ ਅਤੇ ਆਪਣੀ ਟੁੱਟੀ ਕਮਰ ਨੂੰ ਗੰਢਵਾ ਕੇ ਉਹ ਸ਼ਾਂਤ ਹੋ ਕੇ ਆਪਣੇ ਘਰ ਬੈਠ ਗਿਆ ਸੀ। ਕਾਰੋਬਾਰ ਅਤੇ ਹੇਰਾ ਫੇਰੀ ਨਾਲ ਉਹ ਚੰਗੇ ਪੈਸੇ ਕਮਾਉਣ ਲਗ ਪਿਆ ਸੀ।

ਤੇ ਹੁਣ ਉਸਨੂੰ 'ਗ਼ਰੀਬੀ ਹਟਾਓ' ਵਾਲਿਆਂ ਨੇ ਨਿਉਂਦਾ ਦਿਤਾ ਸੀ। ਉਸ ਇਸ ਨਿਉਂਦੇ ਨੂੰ ਕਬੂਲ ਕਰ ਲਿਆ ਸੀ। (ਵਡੇ ਸਾਕਾਂ ਦਾ ਨਿਉਂਦਾ ਭਲਾ ਕਦੀ ਕਿਸੇ ਠੁਕਰਾਇਆ ?)।

ਹੁਣ ਉਸ ਖੱਦਰ ਦੀ ਪੈਂਟ ਅਤੇ ਉਪਰ ਖੱਦਰ ਦਾ ਬੁਰਸ਼ਟ ਪਹਿਨ ਲਿਆ ਸੀ। ਹੇਠਾਂ ਉਹ ਬਨੈਣ ਤੇ ਚੱਡੀ ਹਮੇਸ਼ਾ ਇਮਪੋਰਟਿਡ ਵਰਤਦਾ ਸੀ। ਇਹਨਾਂ ਸਵਦੇਸ਼ੀ ਤੇ ਬਦੇਸ਼ੀ ਬਸਤਰਾਂ ਵਿਚਕਾਰ ਉਹ ਸਦਾ ਵਲੈਤੀ ਪਸਤੌਲ ਅਤੇ ਵਲੈਤੀ ਗੋਲੀਆਂ ਦੀ ਪੇਟੀ ਵੀ ਪਹਿਨਿਆ ਕਰਦਾ ਸੀ।

ਇਸ ਦਰਸ਼ਨੀ ਲਿਬਾਸ ਵਿਚ ਜਦ ਉਹ ਗੱਡੀ ਦੇ ਡੱਬੇ ਵਿਚ ਵੜਿਆ ਸੀ, ਕਿਸੇ ਨੇ ਉਸ ਵਲ ਧਿਆਨ ਨਹੀਂ ਸੀ ਦਿਤਾ !!!

ਹੁਣ ਜਨਤਾ ਸਾਹਮਣੇ ਇਕ ਸਮੱਸਿਆ ਆਣ ਖਲੋਤੀ ਸੀ।

ਟੱਟੀ ਵਿਚ ਪਿਆ ਅਟੈਚੀਕੇਸ !

ਤੇ ਲੋਕ ਨੇਤਾਗਿਰੀ ਦੇ ਪੇਸ਼ੇ ਨੇ ਉਸਦੇ ਅੰਦਰ ਉਬਾਲਾ ਖਾਧਾ ਸੀ—

"ਪੁਲਸ ਨੂੰ ਇਤਲਾਹ ਕਰ ਦੇਣੀ ਚਾਹੀਦੀ ਹੈ।" ਉਸ ਉਚੀ ਆਵਾਜ਼ ਵਿਚ ਮੁਸਾਫਰਾਂ ਨੂੰ ਕਿਹਾ।

ਦਰਵਾਜ਼ੇ ਕੋਲ ਖਲੋਤਾ ਇਕ ਮੁੰਡਾ ਪਲੇਟ ਫਾਰਮ ਤੇ ਉਤਰਿਆ ਤੇ ਇਧਰ ਉਧਰ ਕਿਸੇ ਸਿਪਾਹੀ ਨੂੰ ਵੇਖਣ ਲਗਾ। ਪਰਿਉਂ ਇਧਰ ਵਲ ਨੂੰ ਹੀ ਆ ਰਿਹਾ ਇਕ ਸਿਪਾਹੀ ਉਸਨੂੰ ਦਿਸ ਪਿਆ। ਉਹ ਅਗਾਂਹ ਹੋ ਕੇ ਸਿਪਾਹੀ ਨੂੰ ਨਾਲ ਲੈ ਆਇਆ। ਨਾਲ ਨਾਲ ਆਉਂਦਿਆਂ ਉਹ ਸਿਪਾਹੀ ਨੂੰ ਗੱਲ ਵੀ ਦਸੀ ਜਾ ਰਿਹਾ ਸੀ।

ਡੱਬੇ ਕੋਲ ਪਹੁੰਚ ਸਿਪਾਹੀ ਨੇ ਬਾਰੀ ਥਾਣੀਂ ਆਪਣਾ ਸਿਰ ਅੰਦਰ ਵਾੜਿਆ।

"ਕੀ ਗਲ ਹੈ ?"

"ਟੱਟੀ ਵਿਚ ਇਕ ਅਟੈਚੀਕੇਸ ਪਿਆ...ਸ਼ਾਇਦ ਚੋਰੀ

ਦਾ ਮਾਲ ਹੈ", ਨੇੜੇ ਬੈਠੀ ਇਕ ਸੁਆਰੀ ਨੇ ਟੱਟੀ ਵਲ ਇਸ਼ਾਰਾ ਕਰਦਿਆਂ ਕਿਹਾ ।

"ਕਿਸੇ ਸੁਆਰੀ ਦਾ ਹੋਣਾ—ਆਪੇ ਲੈ ਜਾਊ ।"

"ਨਹੀਂ ਜਨਾਬ ! ਕਿਸੇ ਸੁਆਰੀ ਦਾ ਨਹੀਂ । ਸਭ ਨੂੰ ਪੁੱਛ ਹਟੇ । ਦਿੱਲੀ ਤੋਂ ਹੀ ਉਥੇ ਪਿਆ ।"

"ਅੱਛਾ, ਕੀ ਆ, ਉਸ ਵਿਚ ?"

"ਹਜ਼ੂਰ ਸਾਨੂੰ ਕੀ ਪਤਾ ?"

"ਜੇ ਪਤਾ ਨਹੀਂ, ਤਾਂ ਪਿਆ ਰਹਿਣ ਦਿਉ, ਜਿਥੇ ਪਿਆ ।"

"ਵੇਖਣ ਨੂੰ ਭਾਰਾ ਜਿਹਾ ਲਗਦਾ, ਚਰਸ ਫੀਮ ਹੀ ਹੋਵੇ ਭਾਵੇਂ ਉਸ ਵਿਚ ।"

"ਹੂੰ ! ਤੈਨੂੰ ਕਿਨ੍ਹੇ ਕਿਹਾ ਉਸ ਵਿਚ ਚਰਸ ਅਫੀਮ ਆ ?"

ਕੋਈ ਹੋਰ ਸੁਆਰੀ : "ਬਾਹਰ ਖ਼ੂਨ ਜਿਹਾ ਸਿੰਮਿਆ ਲਗਦਾ......ਲਾਸ਼ ਨਾ ਹੋਵੇ ਉਸ ਵਿਚ ਕਿਤੇ ?"

"ਹੂੰਹ ! ਹੁਣ ਤਾਂ ਗੱਡੀ ਚਲਣ ਵਾਲੀ ਆ । ਅਗਲੇ ਜੰਕਸ਼ਨ ਤੇ ਗਾਰਡ ਨੂੰ ਦੱਸ ਦੇਣਾ ।"

ਹੁਣ ਨੌਜਵਾਨ ਦੀ ਲੀਡਰੀ ਦਾ ਮਾਦਾ ਉਬਲਣ ਲਗ ਪਿਆ ਸੀ । ਉਹ ਸੀਟ ਤੋਂ ਉਠਿਆ ਤੇ ਸਿਪਾਹੀ ਦੇ ਸਾਹਮਣੇ ਜਾ ਖਲੋਤਾ......।

"ਅਗਲੇ ਸਟੇਸ਼ਨ ਦਾ ਕੀ ਮਤਲਬ ? ਗੱਡੀ ਖੜੀ ਹੈ । ਹੋਰ ਵੀ ਰੁਕ ਸਕਦੀ ਹੈ । ਤੂੰ ਪੁਲਸ ਦਾ ਆਦਮੀ ਹੈਂ, ਤੈਨੂੰ ਇਤਲਾਹ ਕਰ ਦਿਤੀ ਹੈ, ਤੂੰ ਅਟੈਚੀ-ਕੇਸ ਬਾਰੇ ਪੜਤਾਲ ਕਰ ।"

"ਹੂੰ, ਗੱਡੀ ਕਾਹਨੂੰ ਰੋਕਣੀ—ਅੱਗੇ ਹੀ ਲੇਟ ਆ । ਸੁਆਰੀਆਂ ਦਾ ਟੈਮ ਨਸ਼ਟ ਹੋਊ ।"

"ਟੈਮ ਦਾ ਕੋਈ ਨਹੀਂ । ਸੁਆਰੀਆਂ ਡਰੀਆਂ ਸਹਿਮੀਆਂ ਬੈਠੀਆਂ...... ਕੋਈ ਡਰਦਾ ਟੱਟੀ ਪਿਸ਼ਾਬ ਨਹੀਂ ਜਾਂਦਾ । ਤੂੰ ਇਥੇ ਅਟੈਚੀਕੇਸ ਲਾਹ ਤੇ ਤਫਤੀਸ਼ ਕਰ ।"

ਸਿਪਾਹੀ ਆਪਣੀ ਗੁਟ-ਘੜੀ ਵਲ ਵੇਖਦਾ ਹੈ ।

"ਮੇਰੀ ਡਿਊਟੀ ਖ਼ਤਮ ਹੋ ਰਹੀ ਹੈ......ਤਫਤੀਸ਼ ਤਾਂ ਹੁਣ ਅਗਲੇ ਸਟੇਸ਼ਨ ਤੇ ਹੀ ਹੋ ਸਕਦੀ ਹੈ ।"

"ਗੱਡੀ ਨਹੀਂ ਚਲੇਗੀ ਤੇ ਤੇਰੀ ਡਿਊਟੀ ਵੀ ਖ਼ਤਮ ਨਹੀਂ ਹੋਵੇਗੀ । ਤੂੰ ਇਸ ਅਟੈਚੀਕੇਸ ਨੂੰ ਇਥੋਂ ਚੁਕ, ਥਾਣੇ ਜਮ੍ਹਾਂ ਕਰਵਾ ਅਤੇ ਅੱਗੇ ਜਾਂਚ ਪੜਤਾਲ ਹੋਣ ਦੇ...... ਜੇ ਤੂੰ ਕੁਝ ਨਹੀਂ ਕਰਦਾ, ਅਸੀਂ ਤੇਰੇ ਖਿਲਾਫ ਸ਼ਿਕਾਇਤ ਕਰਾਂਗੇ ।"

ਨੌਜੁਆਨ ਦੇ ਰੁਹਬ ਵਾਲੇ ਅੰਦਾਜ਼ ਤੋਂ ਸਿਪਾਹੀ ਰਤਾ ਕੁ ਘਬਰਾ ਜਾਂਦਾ ਹੈ । ਉਹ ਡੱਬੇ ਦੇ ਅੰਦਰ ਆਉਂਦਾ ਹੈ......ਟੱਟੀ ਦੇ ਦਰਵਾਜ਼ੇ ਕੋਲ ਹੋ ਕੇ ਅਟੈਚੀਕੇਸ ਨੂੰ ਵੇਖਦਾ ਹੈ...... ਫਿਰ ਡੱਬੇ ਦੀਆਂ ਸੁਆਰੀਆਂ ਵਲ ਵੇਖਦਾ ਹੈ......ਖੰਘੂਰਾ ਜਿਹਾ ਮਾਰ ਕੇ ਗਲ ਸਾਫ ਕਰਦਾ ਹੈ—

"ਹੂੰ...ਕਿਸ ਸਭ ਤੋਂ ਪਹਿਲਾਂ ਵੇਖਿਆ ਸੀ ਇਹ ਅਟੈਚੀ, ਟੱਟੀ ਵਿਚ ਪਿਆ ?" ਉਹ ਸੁਆਲ ਨੂੰ ਫੈਲਾ ਕੇ ਗੱਡੀ ਦੇ ਡੱਬੇ ਵਿਚ ਇੰਜ ਸੁਟਦਾ ਹੈ ਜਿਵੇਂ ਮਾਹੀਗੀਰ ਮੱਛੀਆਂ ਫੜਨ ਵਾਲਾ ਜਾਲ ਫੈਲਾ ਕੇ ਪਾਣੀ ਵਿਚ ਵਗਾਹੁੰਦਾ ਸੁਟਦੇ ਹਨ ।

ਸੁਆਰੀਆਂ ਇਕ ਦੂਜੇ ਦੇ ਮੂੰਹ ਵਲ ਤਕ ਰਹੀਆਂ ਹਨ......ਝੂਠੀਆਂ ਜਿਹੀਆਂ ਪੈ ਰਹੀਆਂ ਹਨ ।

ਸਿਪਾਹੀ ਦਾ ਲਹਿਜਾ ਵਿਜਈ ਹੋ ਰਿਹਾ ਹੈ, "ਕਿਸ ਵੇਖਿਆ ਸੀ ਸਭ ਤੋਂ ਪਹਿਲਾਂ ਅਟੈਚੀ, ਟੱਟੀ ਵਿਚ ਪਿਆ ?"

ਸੁਆਰੀਆਂ ਖਾਮੋਸ਼ ਹਨ । ਸਿਪਾਹੀ ਨੇ ਕਾਪੀ ਤੇ ਪਿਨਸਲ ਆਪਣੀ ਜੇਬ ਵਿਚੋਂ ਕੱਢ ਲਈ ਹੈ । ਕੇਸ ਬਨਾਉਣ ਵਲ ਪਹਿਲਾ ਕਦਮ ਉਸ ਚੁਕਿਆ ਹੈ । ਸੁਆਰੀਆਂ ਇਧਰ ਉਧਰ ਵੇਖ ਕੇ ਆਪਣੀ ਨਜ਼ਰ ਸਿਪਾਹੀ ਤੋਂ ਲਾਂਭੇ ਰਖ ਰਹੀਆਂ ਹਨ ।

ਨੇਤਾ ਬੇਬਸ ਹੈ, ਸ਼ਰਮਸਾਰ ਹੈ ।

ਫਿਰ ਉਸਨੂੰ ਕਰੋਧ ਆਉਂਦਾ ਹੈ ।

"ਇਸ ਵਿਚ ਕੀ ਹੈ, ਸਮਝ ਲੈ, ਮੈਂ ਪਹਿਲਾਂ ਵੇਖਿਆ ਸੀ", ਉਹ ਕਹਿੰਦਾ ਹੈ ।

"ਤੁਹਾਡਾ ਨਾਂ ?"

"ਤੁਹਾਡੇ ਪਿਤਾ ਦਾ ਨਾਂ ?"

"ਐਡਰੈਸ ?"

"ਤਾਲੀਮ ?"

"ਕੀ ਕੰਮ ਕਰਦੇ ਹੋ ?"

ਕਿਥੋਂ ਆਏ ? ਕਿਥੇ ਜਾਣਾ ? ਮਕਾਨ ਆਪਣਾ ? ਤਨਖਾਹ ਕਿੰਨੀ ? ਇਨਕਮ ਟੈਕਸ ਦਿੰਦੇ ਹੋ ? ਸਫਰ ਕਿਉਂ ਕਰ ਰਹੇ ਸੀ ?

ਕਿੰਨੇ ਹੀ ਸੁਆਲ ਸਿਪਾਹੀ ਫਟਾਫਟ ਕਰਦਾ ਹੈ ਤੇ ਜੁਆਬ ਨੋਟ ਕਰੀ ਜਾਂਦਾ ਹੈ ।

"ਤੁਹਾਨੂੰ ਮੇਰੇ ਨਾਲ ਥਾਣੇ ਚਲਣਾ ਪਊ ।"

"ਕਿਉਂ ? ਮੈਂ ਆਪਣੇ ਬਾਰੇ ਸਭ ਕੁਝ ਲਿਖਵਾ ਦਿੱਤਾ । ਥਲੇ ਦਸਤਖ਼ਤ ਕਰਵਾਉਣੇ ਤਾਂ ਕਰਵਾ ਲੈ ।

ਮੈਂ ਥਾਣੇ ਨਹੀਂ ਜਾ ਸਕਦਾ।"

"ਅਟੈਚੀਕੇਸ ਦੇ ਨਾਲ ਥਾਣੇ ਤਾਂ ਚਲਣਾ ਪਊ। ਰਪਟ ਉਥੇ ਲਿਖੀ ਜਾਵੇਗੀ।"

"ਮੈਂ ਗੱਡੀ ਨਹੀਂ ਛੱਡ ਸਕਦਾ। ਮੈਂ ਅੰਮ੍ਰਿਤਸਰ ਪਹੁੰਚਣਾ। ਅੱਗੇ ਹੀ ਗੱਡੀ ਲੇਟ ਹੈ।"

"ਤੁਸੀਂ ਗੱਡੀ ਨਹੀਂ ਛਡ ਸਕਦੇ, ਤੁਹਾਡਾ ਵਕਤ ਬਰਬਾਦ ਹੁੰਦਾ। ਮੇਰਾ ਡਿਊਟੀ ਟੈਮ ਓਵਰ ਹੋ ਚੁਕਿਆ, ਮੇਰਾ ਵਕਤ ਬਰਬਾਦ ਨਹੀਂ ਹੁੰਦਾ?"

"ਤੂੰ ਸਰਕਾਰੀ ਕਰਮਚਾਰੀ ਹੈਂ, ਪਬਲਿਕ ਸਰਵੈਂਟ।"

"ਪਬਲਿਕ ਦੇ ਸਹਿਯੋਗ ਤੋਂ ਬਿਨਾਂ ਸਰਕਾਰੀ ਕਰਮਚਾਰੀ ਕੀ ਕਰ ਸਕਦਾ ਹੈ? ਰਪਟ ਤਾਂ ਨਾਲ ਚਲ ਕੇ ਤੁਹਾਨੂੰ ਹੀ ਲਿਖਵਾਉਣੀ ਪਊ—ਜਿਨ੍ਹਾਂ ਸਭ ਤੋਂ ਪਹਿਲਾ ਇਹ ਅਟੈਚੀਕੇਸ ਇਥੇ ਪਿਆ ਵੇਖਿਆ ਸੀ... ਕਾਨੂੰਨ ਕਾਇਦਾ ਹੀ ਇਸ ਤਰ੍ਹਾਂ ਹੈ। ਤੁਹਾਨੂੰ ਹੁਣ ਵੀ ਨਾਲ ਚਲਣਾ ਪਊ ਅਤੇ ਜੇ ਵਿਚੋਂ ਚਰਸ ਫੀਮ ਜਾਂ ਲਾਸ਼ ਨਿਕਲ ਆਈ ਅਤੇ ਅਸਲੀ ਜਾਂ ਸ਼ੱਕੀ ਮੁਜਰਮ ਪਕੜੇ ਗਏ, ਅਤੇ ਕੇਸ ਚਲਿਆ ਤਾਂ ਕਚਹਿਰੀ ਤਾਰੀਕਾਂ ਤੇ ਵੀ ਆਉਣਾ ਪਊ, ਸਰਕਾਰੀ ਗਵਾਹ ਦੇ ਤੌਰ ਤੇ।"

"ਭਠ ਵਿਚ ਪਏ ਇਹ ਕਾਨੂੰਨ ਕਾਇਦਾ—ਤੂੰ ਜਾਣ ਤੇ ਤੇਰਾ ਕੰਮ। ਮੈਂ ਥੋੜ੍ਹਾ ਬਣਾਇਆ ਇਹ ਕਾਨੂੰਨ..."

"ਤੇ ਹੋਰ ਮੈਂ ਬਣਾਇਆ?" ਸਿਪਾਹੀ ਖਿੱਝ ਕੇ ਕਹਿੰਦਾ ਹੈ।

"ਮੈਂ ਨਹੀਂ ਕੁਝ ਜਾਣਦਾ—ਮੈਂ ਨਹੀਂ ਸਭ ਤੋਂ ਪਹਿਲਾ ਵੇਖਿਆ। ਸਵਾਰੀਆਂ ਕਹਿੰਦੀਆਂ ਦਿੱਲੀ ਤੋਂ ਹੀ ਟੱਟੀ ਵਿਚ ਪਿਆ ਉਹਨਾਂ ਵੇਖਿਆ ਹੈ। ਮੈਂ ਤਾਂ ਇਸ ਸਟੇਸ਼ਨ ਤੋਂ ਚੜ੍ਹਿਆ ਹਾਂ। ਤੂੰ ਪੁਲਸ ਦਾ ਆਦਮੀ ਹੈਂ। ਤੈਨੂੰ ਦਸ ਦਿਤਾ ਤੇ ਨਾਲੇ ਵਿਖਾ ਦਿਤਾ ਕਿ ਅਟੈਚੀਕੇਸ ਔਹ ਟੱਟੀ 'ਚ ਪਿਆ...ਤੂੰ ਅਟੈਚੀਕੇਸ ਲਾਹ ਲੈ ਤੇ ਆਪਣੀ ਕਾਰਵਾਈ ਕਰ। ਨਹੀਂ ਕਰਨੀ ਤਾਂ ਆਪਣਾ ਨੰਬਰ ਦਸ, ਮੈਂ ਅਗਲੇ ਸਟੇਸ਼ਨ ਤੇ ਕੰਪਲੇਂਟ ਲਾਜ ਕਰ ਦਿਆਂਗਾ।"

"ਹੂੰਹ...", ਸਿਪਾਹੀ ਪਲ ਕੁ ਚੁਪ ਚਾਪ ਸੋਚਦਾ ਹੈ। ਲਗਦਾ ਉਹ ਕੁੜਿੱਕੀ ਵਿਚ ਫਸਿਆ ਮਹਿਸੂਸ ਕਰ ਰਿਹਾ ਹੈ।

"ਹੂੰਹ...!" ਉਹ ਹਾਲੇ ਵੀ ਸੋਚ ਰਿਹਾ ਹੈ।

"ਹੂੰਹ!" ਸਿਪਾਹੀ ਦੀਆਂ ਬੌਂਦਲੀਆਂ ਜਿਹੀਆਂ ਅੱਖਾਂ ਵਿਚ ਹੁਣ ਟਿਕਾਅ ਆ ਗਿਆ ਹੈ। ਨਹੀਂ, ਉਹਨਾਂ ਵਿਚ ਸਗੋਂ ਹੁਣ ਇਕ ਚਮਕ ਆ ਗਈ ਹੈ।

"ਹੂੰ", ਉਹ ਖੰਘੂਰਾ ਮਾਰ ਕੇ, ਪੁਲਸੀਆ ਰੁਹਬ ਨਾਲ ਕਹਿੰਦਾ ਹੈ, "ਨਾਲੇ ਅਟੈਚੀਕੇਸ ਚੋਰੀ ਕਰਨਾ...ਤੇ ਨਾਲੇ ਬਹਾਦੁਰ ਬਣ ਕੇ ਰੀਪੋਰਟ ਲਿਖਵਾਉਣਾ — ਆ ਜਾਓ ਸਿਧੇ ਹੋ ਕੇ ਗੱਡੀ ਤੋਂ ਥੱਲੇ..ਚੁਕੋ, ਹੱਥ ਵਿਚ ਅਟੈਚੀਕੇਸ ਤੇ ਚਲੋ ਥਾਣੇ। ਉਥੇ ਚਲ ਕੇ ਦੁਧ ਦਾ ਦੁਧ ਤੇ ਪਾਣੀ ਦਾ ਪਾਣੀ ਕਰਾਂਗੇ।"

"ਮੈਂ...ਮੈਂ..."

"ਹਾਂ, ਹਾਂ, ਹੋਰ ਕੌਣ? ਚੋਰ ਵੀ ਕਦੇ ਆਪੇ ਮੰਨਿਆ। ਉਤਰੋ, ਥੱਲੇ ਉਤਰੋ...ਥਾਣੇ ਚਲੋ।"

ਸਿਪਾਹੀ ਸੰਜੀਦਾ ਹੈ।

ਨੇਤਾ ਡੋਲ ਗਿਆ ਹੈ।

ਕਾਨੂੰਨ ਕਾਇਦਾ ਹੀ ਅਜਿਹਾ ਹੈ।

ਥਾਣਾ, ਹਵਾਲਾਤ, ਪੁਲਸ, ਕਚਹਿਰੀ, ਕੇਸ, ਸਜ਼ਾ ਤੇ ਕੈਦ...ਕਈ ਤਸਵੀਰਾਂ ਉਸਦੇ ਦਿਮਾਗ ਵਿਚ ਫਟਾ ਫਟ ਘੁੰਮ ਗਈਆਂ ਹਨ।

ਬੰਦਾ ਥਾਣੇ ਗਿਆ ਨਹੀਂ ਕਿ ਪੁਲਸ ਨੇ ਨਾਜਾਇਜ਼ ਪਾਈਆ ਕੁ ਅਫੀਮ ਪਾਈ ਨਹੀਂ ਤੇ ਹਵਾਲਾਤ 'ਚ ਬੰਦ ਕੀਤਾ ਨਹੀਂ...

"ਹਜ਼ੂਰ, ਤੁਸੀਂ ਐਵੇਂ ਗਲ ਨੂੰ ਤੂਲ ਦੇ ਰਹੇ ਹੋ... ਅਟੈਚੀਕੇਸ ਵਿਚੋਂ ਭਾਵੇਂ ਖਾਲੀ ਹੀ ਹੋਵੇ।"

ਗੱਡੀ ਨੇ ਵਿਸਲ ਦਿਤੀ ਹੈ। ਸਿਪਾਹੀ ਨੇ ਆਪਣੀ ਘੜੀ ਵੱਲ ਵੇਖਿਆ ਹੈ। ਉਸਦੀ ਡਿਊਟੀ ਖਤਮ ਹੋਈ ਨੂੰ ਦਸ ਮਿੰਟ ਤੋਂ ਉਪਰ ਹੋ ਚੁਕੇ ਹਨ। ਉਸਦੇ ਚਿਹਰੇ ਦੀਆਂ ਨਾੜਾਂ ਦਾ ਤਣਾਅ ਘਟਿਆ ਹੈ।

"ਇਹੋ ਤਾਂ ਮੈਂ ਕਹਿੰਦਾ...ਅਟੈਚੀਕੇਸ ਵੀਹ-ਵਿਸਵੇ ਖਾਲੀ ਹੈ। ਚੋਰ ਨੇ ਮਾਲ ਕਢਿਆ ਅਤੇ ਖਾਲੀ ਡੱਬਾ ਟੱਟੀ ਵਿਚ ਸੁੱਟ ਦਿਤਾ। ਮੈਂ ਤੁਹਾਨੂੰ ਦਸਦਾਂ—ਐਵੇਂ ਰੀਪੋਰਟਾਂ ਰਪਟਾਂ ਦੇ ਚੱਕਰ ਵਿਚ ਨਾ ਪਿਆ ਕਰੋ...ਅਗੇ ਬਿਆਸ ਦਰਿਆ ਆਉਣਾ...ਚੁਪ ਕਰਕੇ ਅਟੈਚੀਕੇਸ ਟੱਟੀ ਵਿਚੋਂ ਚੁਕ ਕੇ ਦਰਵਾਜੇ ਥਾਣੀਂ ਬਾਹਰ ਦਰਿਆ ਵਿਚ ਸੁਟ ਦਿਆ ਜੇ...ਤੁਸੀਂ ਆਪਣੇ ਘਰ ਖੁਸ਼ੀ ਖੁਸ਼ੀ ਜਾਓ ਤੇ ਮੈਂ ਆਪਣੇ..."

ਗੱਡੀ ਅਗਾਂਹ ਨੂੰ ਰੀਂਗ ਪਈ ਤੇ ਸਿਪਾਹੀ 'ਬਾਈ ਬਾਈ' ਜਿਹਾ ਇਸ਼ਾਰਾ ਕਰਕੇ ਤੁਰ ਪਿਆ ਹੈ।

ਬਿਆਸ ਦਰਿਆ ਦਾ ਪੁਲ ਆਉਣ ਤੇ ਨੇਤਾ ਨੇ ਅਟੈਚੀਕੇਸ ਚੁਕ ਕੇ ਦਰਿਆ ਵਿਚ ਸੁਟ ਦਿਤਾ ਹੈ। ਸਵਾਰੀਆਂ ਸਾਹਮਣੇ ਹਵਾ ਵਿਚ ਲਟਕਦੀ ਸਮਸਿਆ ਅਤੇ ਕਾਨੂੰਨ ਕਾਇਦੇ ਦੀਆਂ ਪੇਚੀਦਗੀਆਂ ਦਾ ਭੇਅ... ਫਿਲਹਾਲ, ਸਭ ਕੁਝ ਮੁਕ ਗਿਆ ਹੈ।

ਸੇਰਦਲ, ਫਰਵਰੀ ੭੪

ਕਹਾਣੀ / **ਬਿੰਦੀਆ** / ਬਲਬੀਰ ਆਤਸ਼

ਭਾੜ੍ਹ ਕਰਦੀ ਗੋਲੀ ਬਿੰਦੀਆ ਦੇ ਮੱਥੇ ਵਿਚੋਂ ਲੰਘ ਗਈ। ਉਹ ਨਿੱਕੀ ਜਿਹੀ ਬਾਲੜੀ ਇਕ ਕਿਲਕਾਰੀ ਮਾਰ ਕੇ ਧਰਤੀ ਤੇ ਢੇਰੀ ਹੋ ਗਈ। ਇਕ ਦੋ ਮਿੰਟ ਗੁਲੇਲ ਨਾਲ ਫੁੰਡੇ ਗਏ ਕਬੂਤਰ ਦੀ ਤਰ੍ਹਾਂ ਛਟਪਟਾਈ ਫੇਰ ਸ਼ਾਂਤ ਹੋ ਗਈ। ਖੇਤ ਦੇ ਸੱਜਰੇ ਵਾਹੇ ਸਿਆੜਾਂ ਵਿਚ ਸੁਰਖ ਲਹੂ ਦਾ ਛੱਪੜ ਲਗ ਗਿਆ।

ਬਿੰਦੀਆ ਦੀ ਮਾਂ ਪਾਰਬਤੀ ਸੌ ਕੁ ਕਦਮ ਦੀ ਵਿੱਥ ਉਤੇ ਅਗੇ ਜਾ ਰਹੀ ਸੀ ਉਸ ਤੋਂ। ਗੋਲੀ ਦੀ ਆਵਾਜ਼ ਨਾਲ ਪਹਿਲਾਂ ਤਾਂ ਉਹ ਦਹਿਲ ਗਈ ਪਰ ਨਾਲ ਦੀ ਨਾਲ ਕਿਲਕਾਰੀ ਦੀ ਆਵਾਜ਼ ਸੁਣਦਿਆਂ ਹੀ ਉਸ ਨੇ ਪਿਛਾਂਹ ਭੌਂ ਕੇ ਦੇਖਿਆ। ਬਿੰਦੀਆ ਖੇਤ ਦੇ ਐਨ ਗੱਭੇ ਪਈ ਛਟਪਟਾ ਰਹੀ ਸੀ। ਪਾਰਵਤੀ ਦੇ ਪੈਰਾਂ ਹੇਠੋਂ ਜ਼ਮੀਨ ਜਿਵੇਂ ਨਿੱਘਰ ਗਈ ਹੋਵੇ। ਉਸਨੇ ਸਰਪਟ ਬੇਲਗਾਮ ਅੱਥਰੇ ਘੋੜੇ ਦੀ ਤਰ੍ਹਾਂ ਦੌੜਦੀ ਹੋਈ ਨੇ ਬਿੰਦੀਆ ਕੋਲ ਆ ਕੇ ਦਮ ਲਿਆ। ਭੱਜੀ ਆਉਂਦੇ ਸਮੇਂ ਉਸਦੀ ਲਾਲ ਕਿਨਾਰੀਆਂ ਵਾਲੀ ਚੁੰਨੀ ਖਾਲ ਤੇ ਖੜੀ ਰੁੰਡ ਮੁੰਡ ਬੇਰੀ ਵਿਚ ਫਸ ਕੇ ਰਹਿ ਗਈ।

ਉਸ ਨੇ ਇਕ-ਦਮ ਡਿਗੀ ਪਈ ਬਿੰਦੀਆ ਨੂੰ ਚੁਕ ਕੇ ਛਾਤੀ ਨਾਲ ਲਾ ਲਿਆ। ਲਹੂ ਵਿਚ ਗੜੁੱਚ ਮਿੱਟੀ ਵਿਚੋਂ ਅਜੀਬ ਕਿਸਮ ਦੀ ਹਵਾੜ ਆ ਰਹੀ ਸੀ, ਜਿਹੜੀ ਉਸਦੇ ਧੁਰ ਅੰਦਰ ਤੱਕ ਉਤਰ ਗਈ। ਬਿੰਦੀਆ ਨੇ ਇਕ ਦੋ ਲੰਬੇ ਸਾਹ ਲਏ ਤੇ ਸ਼ਾਂਤ ਹੋ ਗਈ। ਪਾਰਵਤੀ ਨੂੰ ਆਪਣਾ ਕਾਲਜਾ ਪਾਟ ਗਿਆ ਲਗਿਆ।

"ਬਿੰਦੀਆ, ਮੇਰੀ ਬਿੰਦੀਆ, ਅਰੀ ਕਾ ਹੋਤ ਗਿਆ ਹੈ ਰੀ ਤੰਨੇ। ਬੋਲ, ਬੋਲਤ ਕਾਹੇ ਨਾ। ਅਰੀ ਦੇਖ ਕੌਣ ਬੁਲਾਵਤ ਹੈ। ਅਰੀ ਗੋਰੀ ਚਾਂਦ ਸੀ ਬਿੰਦੀਆ... ਅਰੀ..।

ਪਾਰਵਤੀ ਪਾਗਲਾਂ ਵਾਂਗਰ ਰੋਈ ਜਾ ਰਹੀ ਸੀ। ਉਸਦੇ ਮੂੰਹ ਤੋਂ ਪਸੀਨੇ ਦੇ ਗੋਬਿੰਦ ਸਾਗਰ ਤੇ ਹੰਝੂਆਂ ਦੀਆਂ ਗੰਗਾ ਜਮਨਾ ਹੜ੍ਹ ਦਾ ਰੂਪ ਧਾਰਨ ਕਰ ਗਈਆਂ ਸਨ। ਉਹ ਬਾਰ ਬਾਰ ਬਿੰਦੀਆ ਦਾ ਖੁਲ੍ਹਿਆ ਹੋਇਆ ਕਪਾਲ ਚੁੰਮ ਰਹੀ ਸੀ। ਉਸ ਦਾ ਆਪਣਾ ਮੂੰਹ ਮੱਥਾ ਵੀ ਬਿੰਦੀਆ ਦੇ ਲਹੂ ਵਿਚ ਰੰਗੇ ਗਏ ਸਨ।

ਸਰਦਾਰ ਰਣਵੀਰ ਸਿਉਂ ਦਾ ਟੱਬਰ ਦਾ ਟੱਬਰ ਫਾਰਮ ਚੋਂ ਖੇਤ ਵਲ ਨੂੰ ਭਜਿਆ ਆ ਰਿਹਾ ਸੀ। ਸਭ ਤੋਂ ਅੱਗੇ ਰਣਵੀਰ ਸਿਉਂ ਦੀ ਬੁੱਢੀ ਮਾਂ ਸੀ। ਉਸ ਦਾ ਝਾਟਾ ਨੰਗਾ ਤੇ ਚਿੱਟਾ ਸੀ। ਬਿਲਕੁਲ ਸਫੈਦ ਬਗਲੇ ਵਰਗਾ। ਉਸ ਤੋਂ ਮਗਰ ਸ਼ਿੰਦਰ ਸਾਹੋ ਸਾਹ ਦੌੜੀ ਆ ਰਹੀ ਸੀ। ਉਸਨੇ ਹਾਲੀ ਵੀ ਹੱਥ ਵਿਚ ਬੰਦੂਕ ਫੜੀ ਹੋਈ ਸੀ। ਬੰਦੂਕ ਦੀ ਬੈਰਲ ਵਿਚੋਂ ਤਾਜ਼ੀ ਚਲੀ ਗੋਲੀ ਦਾ ਧੂੰਆਂ ਹਾਲੀ ਤੱਕ ਨਿਕਲ ਰਿਹਾ ਸੀ। ਸਾਰੇ ਸਾਹੋ ਸਾਹ ਹੋਏ ਬਾਰ ਬਾਰ ਬਿੰਦੀਆ ਦੀਆਂ ਨਬਜ਼ਾਂ ਟੋਹ ਰਹੇ ਸਨ। ਸ਼ਿੰਦਰ ਇਕ ਪਾਸੇ ਡਰੀ ਹੋਈ ਬਿੱਲੀ ਦੀ ਤਰ੍ਹਾਂ ਸੁੰਗੜੀ ਖੜੀ ਸੀ। ਉਸਦੇ ਚਿਹਰੇ ਦਾ ਰੰਗ ਪੀਲਾ ਫੱਕ ਹੋਇਆ ਪਿਆ ਸੀ।

ਜਦੋਂ ਰਣਵੀਰ ਸਿਉਂ ਦੀ ਮਾਂ ਬਾਰ ਬਾਰ ਨਬਜ਼ ਟੋਂਹਦੀ ਤਾਂ ਪਾਰਵਤੀ ਨੇ ਕਿਹਾ, "ਅਬ ਰਹਿ ਹੀ ਕਯਾ ਗਯਾ ਹੈ ਅੰਮਾਂ। ਅਪਨ ਤੋ ਬਰਬਾਦ ਹੋਈ ਗਏ ਹੈਂ ਲੁੱਟੀ ਗਏ ਹੈਂ, ਭਗਵਾਨ! ਕਾ ਕਸੂਰ ਹੋ ਗਯਾ ਥਾ ਹਮਰੀ ਬਿੰਦੀਆ ਸੇ।" ਤੇ ਪਾਰਵਤੀ ਫੇਰ ਫੁੱਟ ਫੁੱਟ ਕੇ ਰੋਣ ਲਗ ਪਈ।

ਐਨਾ ਸੁਣਦਿਆਂ ਹੀ ਸ਼ਿੰਦਰ ਦੇ ਹੱਥ ਵਿਚ ਫੜੀ ਬੰਦੂਕ ਹੱਥੋਂ ਛੁੱਟ ਗਈ। ਗਿਰਨ ਵੇਲੇ ਇਹ ਵੀ ਪਤਾ ਨਾ ਲਗਿਆ ਕਿ ਥੱਲੇ ਬਿੰਦੀਆ ਦੇ ਸੁਰਖ ਲਹੂ ਦਾ ਛੱਪੜ ਲਗਿਆ ਖਲੋਤਾ ਸੀ। ਬੰਦੂਕ ਦੇ ਗਿਰਨ ਨਾਲ ਸਭ ਛੀਂਟੇ ਸ਼ਿੰਦਰ ਤੇ ਪੈ ਗਏ।। ਜਿਵੇਂ ਧਰਤੀ ਇਸ਼ਾਰਾ ਕਰ ਰਹੀ ਹੋਵੇ, "ਬਿੰਦੀਆ ਦੀ ਕਾਤਲ ਆਹ ਖੜੀ ਆ।" ਸ਼ਿੰਦਰ ਲੰਬੀ ਸਾਰੀ ਕੂਕ ਮਾਰ ਕੇ ਫਾਰਮ ਵੱਲ ਨੂੰ ਦੌੜ ਗਈ।

ਰਣਵੀਰ ਸਿਉਂ ਦੀ ਮਾਂ ਨੇ ਆਪਣੇ ਵਡੇ ਪੋਤੇ ਜਗਸੀਰ ਨੂੰ ਸ਼ਹਿਰ ਗਏ ਰਣਵੀਰ ਸਿਉਂ ਨੂੰ ਟੈਲੀਫੋਨ ਕਰਨ ਲਈ ਕਿਹਾ। ਜਗਸੀਰ ਫਾਰਮ ਵਲ ਭਜਿਆ ਜਾ ਰਿਹਾ ਸੀ ਤੇ ਰਾਮ ਅਵਲਾਖ ਖੇਤ ਵਲ ਭਜਿਆ ਆ ਰਿਹਾ ਸੀ। ਉਸ ਦੇ ਸਿਰ ਦੇ ਮੰਡਾਸਾ ਲਹਿ ਕੇ ਗਲ ਵਿਚ ਪੈ ਗਿਆ ਹੋਇਆ ਸੀ। ਬਿੰਦੀਆ ਪਾਰਵਤੀ ਦੀਆਂ ਬਾਹਾਂ ਵਿਚ ਗੁੱਛਾ ਮੁੱਛਾ ਹੋਈ ਪਈ ਸੀ ਤੇ ਪਾਰਵਤੀ ਉੱਚੀ ਉਚੀ ਰੋ ਰਹੀ ਸੀ। ਬਾਕੀ ਲੋਕ ਉਸਦੇ ਦਵਾਲੇ ਖੜੇ ਸਨ। ਰਣਵੀਰ ਸਿਉਂ ਦੀ ਮਾਂ ਦੂਰ ਫਾਰਮ ਵਲ ਭੱਜੇ ਜਾਂਦੇ ਜਗਸੀਰ ਵਲ ਦੇਖ ਰਹੀ ਸੀ। ਸਭ ਜਣੇ ਜਿਵੇਂ ਸਹਿਮ ਦੀਆਂ ਬਰਦੀਆਂ ਪਾਈ ਖੜੇ ਹੋਣ। ਸਭਨਾਂ ਦੇ ਦਿਮਾਗਾਂ ਦੇ ਅਸਤਬਲਾਂ ਵਿਚ ਡਰਦੇ ਘੋੜੇ ਖੌਰੂ ਪਾ ਰਹੇ ਸਨ।

ਰਣਵੀਰ ਸਿਉਂ ਦੀ ਭੁੱਖੀ ਧਰਤੀ ਨੇ ਕੁਛ ਘੜੀਆਂ ਵਿਚ ਹੀ ਬਿੰਦੀਆ ਦਾ ਲਹੂ ਟਿਊਬਵੈੱਲ ਦੇ ਪਾਣੀ ਦੀ ਤਰ੍ਹਾਂ ਜੀਰ ਲਿਆ। ਬਸ ਇਕ ਪੇਪੜੀ ਜਿਹੀ ਜੰਮ ਗਈ

ਜਾ ਰਹੀ ਸੀ । ਰਾਮ ਅਵਲਾਖ ਭੀੜ ਨੂੰ ਧੱਕਦਾ ਹੋਇਆ ਅਗੇ ਆਇਆ । ਉਸਦੇ ਆਪਣੇ ਹੱਥਾਂ ਨਾਲ ਬਾਹੀ ਫ਼ਰਮ ਮਿੱਟੀ ਬਿੰਦੀਆ ਦੇ ਬਾਲਾਂ ਵਿਚੋਂ ਬਿੱਟ ਬਿੱਟ ਝਾਕ ਰਹੀ ਸੀ । ਉਸਨੇ ਅਗੇ ਹੋ ਕੇ ਰੋਂਦੀ ਕੁਰਲਾਂਦੀ ਪਾਰਵਤੀ ਦੇ ਹੱਥੋਂ ਬਿੰਦੀਆ ਨੂੰ ਫੜਿਆ । ਬਾਲਾਂ ਵਿਚੋਂ ਮਿੱਟੀ ਝਾੜੀ । ਜਦੋਂ ਖੁਲਿਆ ਹੋਇਆ ਕਪਾਲ ਉਸਦੇ ਸਾਹਮਣੇ ਆਇਆ ਉਹ ਸਿਰ ਤੋਂ ਪੈਰਾਂ ਤਕ ਲਰਜ਼ ਗਿਆ । ਇਕ ਦੋ ਵਾਰੀ ਨਬਜ਼ ਟੋਹੀ । ਪਰ ਸਭ ਕੁਝ ਵਿਅਰਥ ਸੀ । ਚੁੱਪ ਕਰਕੇ ਵਹਿ ਗਿਆ । ਉਸਦੇ ਪਲਕਾਂ ਹੇਠੋਂ ਅੱਥਰੂ ਡਲਕੇ ਤੇ ਵਹਿ ਟੁਰੇ । ਅਜ ਉਸ ਨੂੰ ਬਿੰਦੀਆ ਕੋਲੋਂ ਦੋਹਰੀ ਬਾਸ ਆ ਰਹੀ ਸੀ । ਇਕ ਤਾਂ ਬਿਲਕੁਲ ਉਸ ਤਰ੍ਹਾਂ ਦੀ ਜਿਸ ਤਰ੍ਹਾਂ ਉਸਨੂੰ ਆਪਣਾ ਪਾਟਿਆ ਹੋਇਆ ਕਮੀਜ਼ ਲਗਿਆਂ ਨਿੱਤ ਰਾਤ ਨੂੰ ਆਪਣੇ ਪਸੀਨੇ ਵਿਚੋਂ ਆਇਆ ਕਰਦੀ ਹੈ ਤੇ ਦੂਸਰੀ ਉਸ ਤਰ੍ਹਾਂ ਦੀ ਜਦੋਂ ਇਕ ਵਾਰੀ ਉਸਦੇ ਪੈਰ ਵਿਚ ਫਾਲਾ ਲੱਗਣ ਨਾਲ ਆਪਣੇ ਲਹੂ ਵਿਚੋਂ ਆਈ ਸੀ । ਇਹ ਦੋਹਰੀ ਬਾਸ ਲਹੂ ਅਤੇ ਪਸੀਨੇ ਦੀ ਬਾਸ਼ ਸੀ : ਬਿੰਦੀਆ ਦਾ ਲਹੂ ਤੇ ਰਾਮ ਅਵਲਾਖ ਦਾ ਪਸੀਨਾ ।

ਦੋਵੇਂ ਮਾਲਕ ਤੀਵੀਂ ਦੋ ਘੰਟੇ ਤੱਕ ਬੈਠੇ ਲਹੂ ਅਤੇ ਪਸੀਨੇ ਨਾਲ ਮਹਿਕੀ ਧਰਤੀ ਨੂੰ ਅੱਥਰੂਆਂ ਨਾਲ ਸਿੰਜਦੇ ਰਹੇ । ਐਨੀ ਚਿਰ ਵਿਚ ਰਣਵੀਰ ਸਿਉਂ ਵੀ ਆ ਗਿਆ ਸੀ । ਉਸਦੀਆਂ ਭੂਰੀਆਂ ਮੁੱਛਾਂ ਭਾਰੀ ਜੁੱਸੇ ਨਾਲ ਦਾੜ੍ਹੀ ਇਸ ਤਰ੍ਹਾਂ ਲਗ ਰਹੇ ਸਨ-ਜਿਵੇਂ ਕਿਸੇ ਵਡੇ ਸਾਰੇ ਬਰੋਟੇ ਦੀਆਂ ਜੜ੍ਹਾਂ ਲਟਕਦੀਆਂ ਹੋਣ । ਰੋਂਦੇ ਕੁਰਲਾਂਦੇ ਰਾਮ ਅਵਲਾਖ ਨੂੰ ਉਸ ਨੇ ਓਪਰਾ ਜਿਹਾ ਦਿਲਾਸਾ ਦਿਤਾ ਤੇ ਫਿਰ ਚੁੱਪ ਕਰ ਗਿਆ । ਆਮ ਤੌਰ ਤੇ ਉਹ ਹਰ ਕੰਮ ਚੁੱਪ ਕਰਕੇ ਹੀ ਕਰਿਆ ਕਰਦਾ ਸੀ । ਉਸ ਦੀ ਚੁੱਪ ਹੀ ਕੰਮ ਦੀ ਪੂਰਤੀ ਦਾ ਪ੍ਰਮਾਣ ਹੁੰਦੀ ਸੀ ।

ਕੋਲੇ ਖੜੀ ਰਣਵੀਰ ਸਿਉਂ ਦੀ ਮਾਂ ਨੇ ਟੱਬਰ ਨੂੰ ਕੋਸਦੀ ਹੋਈ ਨੇ ਕਿਹਾ ।

'ਇਨ੍ਹਾਂ ਗੱਡੇ ਹੋਣਿਆਂ ਨੂੰ ਕਿਹਾ ਬਈ ਨਾ ਲੌ ਇਸ ਬਮਾਰੀ ਨੂੰ । ਭਲਾ ਮੇਰੀ ਤੂਤੀ ਦੀ ਕੌਣ ਸੁਣਦੈ ਇਸ ਨਗਾਰ ਖਾਨੇ ਵਿਚ ।''

''ਚਲੋ ਮਾਂ ਜੋ ਭਾਗਾਂ ਵਿਚ ਲਿਖਿਆ ਹੁੰਦਾ ਹੈ ਵਾਪਰ ਜਾਂਦਾ । ਬੰਦਾ ਗਲਤੀਆਂ ਦਾ ਪੁਤਲਾ ਬਾ । ਨਾਲੇ ਇਸ ਵਿਚ ਆਪਣੀ ਸ਼ਿੰਦਰ ਦਾ ਕੀ ਕਸੂਰ ਐ । ਉਹ ਤਾਂ ਟਾਲ੍ਹੀ ਤੇ ਬੈਠੇ ਕਬੂਤਰ ਮਾਰ ਰਹੀ ਸੀ ਅਚਾਨਕ ਨਿਸ਼ਾਨਾ ਚੁੱਕ ਗਿਆ ।'' ਕੋਲ ਖੜੀ ਨੋਂਹ ਨੇ ਆਪਣੀ ਧੀ ਦੀ ਸਫ਼ਾਈ ਪੇਸ਼ ਕੀਤੀ ।

ਰਣਵੀਰ ਸਿਉਂ ਹੁਣ ਤੱਕ ਜਾ ਚੁਕਿਆ ਸੀ । ਪਰ ਹੁਣ ਡਰ ਕਿਸ ਗੱਲ ਦਾ ਸੀ । ਸਫ਼ਾਈ ਕਿਸ ਗੱਲ ਦੀ । ਸਰਦਾਰ ਰਣਵੀਰ ਸਿਉਂ ਜੋ ਆ ਗਿਆ ਸੀ । ਉਸਦੇ ਤਾਂ ਆਪਣੇ ਕੀਤੇ ਖੂਨਾਂ ਦਾ ਪਤਾ ਅੱਜ ਤਕ ਕੰਧਾਂ ਨੂੰ ਨਹੀਂ ਲਗ ਸਕਿਆ । ਕੌਣ ਜਾਣਦਾ ਹੈ ਉਸਦੀ ਚਿੱਟੀ ਐਕਚਨ ਦੇ ਆਸਤੀਨਾਂ ਤੇ ਕਿੰਨੇ ਨਿਰਦੋਸ਼ ਮੁਜ਼ਾਰਿਆਂ ਦਾ ਲਹੂ ਸੁੱਕਿਆਂ ਹੋਇਆ ਹੈ । ਇਹ ਤਾਂ ਫੇਰ ਦੂਰ ਦੀ ਗੱਲ ਸੀ । ਇਕ ਅਚਾਨਕ ਹੀ ਵਾਪਰ ਗਿਆ ਹਾਦਸਾ । ਸ਼ਿੰਦਰ ਬੰਦੂਕ ਨਾਲ ਕਬੂਤਰ ਮਾਰ ਰਹੀ ਸੀ ਬਿੰਦੀਆ ਇਕ ਘੁੱਗੀ ਦੀ ਤਰ੍ਹਾਂ ਲਪਟ ਵਿਚ ਆ ਗਈ । ਦੂਸਰੀ ਗੱਲ ਬਿੰਦੀਆ ਦੇ ਮਾਂ ਪਿਓ ਯੂਪੀ ਦੇ ਭਈਏ ਸਨ । ਜਿਨ੍ਹਾਂ ਨੂੰ ਰਣਵੀਰ ਸਿਉਂ ਮੇਰਠ ਲਾਗਲੇ ਪਿੰਡਾਂ ਵਿਚੋਂ ਆਪ ਜਾ ਕੇ ਲੈ ਕੇ ਆਇਆ ਸੀ । ''ਭਈਆਂ ਲਈ ਤਾਂ ਪੰਜਾਬ ਇੰਗਲੈਂਡ ਆ ਇੰਗਲੈਂਡ ।'' ਉਹ ਅਕਸਰ ਕਿਹਾ ਕਰਦਾ ਸੀ । ਹੁਣ ਤਕ ਕਾਨਿਆਂ ਨਾਲ ਵਕਤ ਮਿਣਨ ਵਾਲੇ ਲੋਕਾਂ ਤੋਂ ਜੋ ਸਰਕੰਡੇ ਦੀ ਇਕ ਪੂਲੀ ਬਦਲੇ ਦਿਹਾੜੀ ਭਰ ਜਾਨ ਤੋੜ ਕੇ ਕੰਮ ਕਰ ਸਕਦੇ ਨੇ ਰਣਵੀਰ ਸਿਉਂ ਨੂੰ ਭਲਾ ਕੀ ਡਰ ਹੋ ਸਕਦਾ ਸੀ । ਰਾਮ ਅਵਲਾਖ ਆਪਣੇ ਸਰਦਾਰ ਦਾ ਕਿਹਾ ਕਿਵੇਂ ਮੋੜ ਸਕਦਾ ਸੀ ।

ਆਖਰ ਦਿਨ ਡੁੱਬਦੇ ਤੋਂ ਪਹਿਲਾਂ ਬਿੰਦੀਆ ਦੇ ਕੂਲੇ ਪਿੰਡੇ ਨੂੰ ਅੱਗ ਦੀ ਭੇਟ ਕਰ ਦਿਤਾ ਗਿਆ । ਬਕਾਇਦਾ ਪੁਲੀਸ ਦੀ ਗਾਰਦ ਦੇ ਸ਼ਾਹੀ ਸਨਮਾਨ ਹੇਠ, ਫਰਕ ਸਿਰਫ ਐਨਾ ਸੀ ਕਿ ਪੁਲਸੀਆਂ ਦੇ ਸਿਰ ਝੁਕੇ ਹੋਏ ਨਹੀਂ ਸਨ ਤਣੇ ਹੋਏ ਸਨ ਤੇ ਕਦਮ ਡਗ ਮਗਾ ਰਹੇ ਸਨ । ਦੂਰ ਫਾਰਮ ਦੇ ਰਸੋਈ ਘਰ ਵਿਚੋਂ ਤਲੇ ਜਾ ਰਹੇ ਮੁਰਗਿਆਂ ਦੀ ਖੁਸ਼ਬੂ ਉਡ ਰਹੀ ਸੀ ।

ਫੇਰ ਜਦੋਂ ਆਥਣ ਵੀ ਮੁੱਕਣ ਤੇ ਆਈ ਬਿੰਦੀਆ ਦਾ ਸਿਵਾ ਠੰਡਾ ਹੁੰਦਾ ਜਾ ਰਿਹਾ ਸੀ । ਜਿਉਂ ਜਿਉਂ ਸਿਵਾ ਠੰਡਾ ਹੁੰਦਾ ਜਾ ਰਿਹਾ ਸੀ, ਫਾਰਮ ਦੀਆਂ ਗੁੱਠਾਂ ਵਿਚ ਸ਼ੋਰ ਸ਼ਰਾਬਾ ਜ਼ਿਆਦਾ ਵਧ ਰਿਹਾ ਸੀ । ਸੂਰਜ ਦੀ ਬਿੰਦੀ ਹਨੇਰੇ ਦੇ ਰਣਵੀਰ ਸਿਉਂ ਨੇ ਅਕਾਸ਼ ਦੀ ਪਾਰਵਤੀ ਦੇ ਮੱਥੇ ਤੋਂ ਕਦੋਂ ਦੀ ਪੂੰਝ ਦਿੱਤੀ ਸੀ । ਤੇ ਵਿਚਾਰੀ ਪਾਰਵਤੀ ਦੂਰ ਖੇਤ ਵਿਚ ਪਾਈ ਕੁੱਲੀ ਦੇ ਹਨੇਰੇ ਵਿਚ ਬੈਠੀ ਹਾਲੀ ਤੱਕ ਡੁਸਕ ਰਹੀ ਸੀ । ਇਸ ਪਰਦੇਸੀ ਮਿੱਟੀ ਵਿਚ ਇਕ ਕਣ ਵੀ ਤਾਂ ਐਸਾ ਨਹੀਂ ਸੀ ਜੋ ਉਸ ਨੂੰ ਧਰਵਾਸ ਦੇ ਸਕੇ । ਇਕ ਨਿੱਕੀ ਬਾਲੜੀ

ਤੋਂ ਬਿਨਾਂ ਕੁੱਲੀ ਵਿਚ ਹਨੇਰਾ ਹੋਰ ਵੀ ਗੂੜ੍ਹਾ ਸੀ। ਭਾਵੇਂ ਅੱਗੇ ਵੀ ਇਸ ਕੁੱਲੀ ਵਿਚ ਦੀਵਾ ਘੱਟ ਵਧ ਹੀ ਬਲਦਾ ਸੀ ਤੇ ਚੁੱਲ੍ਹਾ ਵੀ ਜੀ ਭਰ ਕੇ ਕਦੀ ਨਹੀਂ ਮਘਿਆ ਸੀ ਪਰ ਅੱਜ ਤਾਂ ਉੱਕਾ ਹੀ ਹਨੇਰਾ ਸੀ।

ਰਾਤ ਦੀ ਸ਼ਾਂ ਸ਼ਾਂ ਵਿਚ ਲੜਖੜਾਉਂਦਾ ਹੋਇਆ ਰਾਮ ਅਵਲਾਖ ਕੁੱਲੀ ਵਿਚ ਆਇਆ। ਉਸ ਦੀ ਪਾਟੀ ਹੋਈ ਜੇਬ ਵਿਚੋਂ ਨਵੇਂ ਨਕੋਰ ਨੋਟ ਝਾਕ ਰਹੇ ਸਨ।

"ਪਾਰਵਤੀ, ਪਾਰਵਤੀ" ਉਸ ਨੇ ਨਸ਼ੇ ਨਾਲ ਤੁਤਲਾਉਂਦੀ ਜੀਭ ਨਾਲ ਕਿਹਾ।

ਪਾਰਵਤੀ ਅਜੇ ਭੀ ਰੋ ਰਹੀ ਸੀ। ਬਿੰਦੀਆ ਦਾ ਪਾਟਿਆ ਕਪਾਲ ਤੇ ਲਹੂ ਦਾ ਛੱਪੜ ਉਸ ਦੀਆਂ ਅੱਖਾਂ ਤੋਂ ਪਰ੍ਹੇ ਨਹੀਂ ਸੀ ਹੁੰਦਾ।

"ਅਰੀ ਕਾਹੇ ਕੋ ਟਿਸੂਅਨ ਬਹਾਏ ਹੈ ਰੇ, ਦੇਖ ਅਪਨ ਕੇ ਮਾਂ ਬਾਪ ਨੇ ਵੀ ਇਤੇ ਪੈਸੇ ਨਹੀਂ ਦੇਖੇ ਕਭੀ।" ਕੁੱਲੀ ਵਿਚ ਵਿਛਾਈ ਹੋਈ ਪਰਾਲੀ ਤੇ ਪਾਰਵਤੀ ਦੇ ਲਾਗੇ ਬੈਠਦਿਆਂ ਜੇਬ ਵਲ ਇਸ਼ਾਰਾ ਕਰਕੇ ਰਾਮ ਅਵਲਾਖ ਨੇ ਕਿਹਾ।

ਪਾਰਵਤੀ ਦੀਆਂ ਅੱਖਾਂ ਵਿਚੋਂ ਇਕ ਬਿਜਲੀ ਲਿਸ਼ਕੀ ਫੇਰ ਉਸਦੇ ਹੱਥ ਸ਼ੇਰਨੀ ਦੇ ਪੰਜਿਆਂ ਦੀ ਤਰ੍ਹਾਂ ਰਾਮ ਅਵਲਾਖ ਵਲ ਵਧੇ। ਉਸ ਨੇ ਨੋਟਾਂ ਸਣੇ ਜੇਬ ਖਿੱਚ ਲਈ। ਸਭ ਨੋਟ ਟੋਟੇ ਟੋਟੇ ਕਰਕੇ ਖਲਾਰ ਦਿੱਤੇ ਤੇ ਪਾਗਲਾਂ ਵਾਂਗ ਚੀਕਾਂ ਮਾਰਦੀ ਹੋਈ ਉਸ ਖੇਤ ਵਲ ਦੌੜ ਗਈ ਜਿਥੇ ਬਿੰਦੀਆ ਦਾ ਲਹੂ ਪੇਪੜੀ ਬਣ ਕੇ ਜੰਮਿਆ ਪਿਆ ਸੀ।

ਰਾਮ ਅਵਲਾਖ ਦਾ ਸਾਰਾ ਨਸ਼ਾ ਉਤਰ ਗਿਆ। ਉਹ ਭੱਜੀ ਜਾਂਦੀ ਪਾਰਵਤੀ ਵੱਲ ਝਾਕਦਾ ਰਹਿ ਗਿਆ। ਆਸਮਾਨ ਵਿਚ ਚੰਨ ਤਾਰੇ ਖਿੜ ਖਿੜਾ ਕੇ ਹੱਸ ਰਹੇ ਸਨ। ਫਾਰਮ ਵਿਚੋਂ ਆਵਾਜ਼ਾਂ ਹੋਰ ਉੱਚੀਆਂ ਹੋ ਰਹੀਆਂ ਸਨ। ਪਰ ਪਾਰਵਤੀ ਦੀਆਂ ਚੀਕਾਂ ਨੇ ਸਾਰੇ ਵਾਤਾਵਰਨ ਨੂੰ ਕੰਬਾ ਦਿਤਾ ਹੋਇਆ ਸੀ। ਹਰ ਪਾਸੇ ਜਿਵੇਂ ਕੋਹਰਾਮ ਜਿਹਾ ਮਚ ਗਿਆ ਹੋਵੇ। ਹਰ ਸ਼ੈਅ ਜਿਵੇਂ ਬਿੰਦੀਆ ਬਿੰਦੀਆ ਕਹਿ ਰਹੀ ਹੋਵੇ।

o

ਇਕ ਰੂਸੀ ਕਹਾਣੀ—

## ਇਜ਼ਹਾਰੇ-ਮੁਹੱਬਤ

ਅਨੁਵਾਦਕ : ਤਰਸੇਮ ਬਾਹੀਆ

ਪਹਿਲੇ ਪਹਿਲ ਉਸਨੇ ਹਿੰਮਤ ਕੀਤੀ ਅਤੇ ਗਲੀ ਵਿਚ ਹੀ ਉਸਨੂੰ ਆਪਣੀਆਂ ਭਾਵਨਾਵਾਂ ਬਾਰੇ ਦੱਸ ਦਿਤਾ। ਪਰ ਆਵਾਜਾਈ ਕਾਰਨ ਐਨਾ ਰੌਲਾ-ਰੱਪਾ ਸੀ ਕਿ ਉਹ ਕੇਵਲ ਮੁਸਕਰਾਈ ਤੇ ਪੁੱਛਣ ਲੱਗੀ, 'ਤੂੰ ਕੀ ਆਖਿਆ ਏ ? ਮੈਨੂੰ ਤੇਰੀ ਆਵਾਜ਼ ਸੁਣਾਈ ਨੀ ਦਿੰਦੀ।'

ਉਹ ਬਿਲਕੁਲ ਘਬਰਾ ਗਿਆ ਅਤੇ ਆਪਣੇ ਸ਼ਬਦ ਦੁਹਰਾ ਨਾ ਸਕਿਆ।

ਉਸਨੇ ਮਨ ਬਣਾ ਲਿਆ ਕਿ ਉਹ ਉਸਨੂੰ ਇਸ ਬਾਰੇ ਗਲੀ ਵਿਚ ਹੀ, ਖੁੱਲ-ਬਹਾਰੇ ਹੀ ਨਹੀਂ ਦੱਸ ਸਕੇਗਾ ਉਹਨਾਂ ਦੇ ਸਿਰਾਂ ਤੇ ਛੱਤ ਹੋਵੇ ਅਤੇ ਉਹ ਦੋਵੇਂ ਕੋਲ ਕੋਲ ਬੈਠੇ ਹੋਣ ਤਾਂ ਹੀ ਉਹ ਆਪਣੇ ਜਜ਼ਬਿਆਂ ਨੂੰ ਪ੍ਰਗਟ ਕਰ ਸਕੇਗਾ।

ਇਸ ਲਈ ਉਸਨੇ ਉਹੀ ਸ਼ਬਦ ਉਦੋਂ ਦੁਹਰਾਏ ਜਦੋਂ ਉਹ ਸਿਨਮੇ ਵਿਚ ਬੈਠੇ ਸਨ।

ਪਰ ਫਿਲਮ ਬਹੁਤ ਹੀ ਸ਼ੋਰ-ਸ਼ਰਾਬੇ ਵਾਲੀ ਸੀ ਅਤੇ ਉਸਦੇ ਸ਼ਬਦ ਜਵਾਲਾ-ਮੁਖੀ ਦੀ ਗੜਗੜਾਟ ਵਿਚ ਗੁੰਮ ਹੋ ਗਏ। ਉਹਨਾਂ ਦਾ ਕੋਈ ਨਾਮੋ-ਨਿਸ਼ਾਨ ਬਾਕੀ ਨਾ ਰਿਹਾ।

ਉਸਨੇ ਕੇਵਲ ਆਪਣੇ ਮੋਢੇ ਝੰਜੋੜੇ ਅਤੇ ਆਪਣੇ ਬੁੱਲ੍ਹਾਂ ਉਤੇ ਉਤਸ਼ਾਹ-ਜਨਮ ਮੁਸਕਰਾਹਟ ਲਿਆਉਂਦੀ ਹੋਈ ਬੋਲੀ, 'ਤੂੰ ਕੀ ਆਖਿਆ ਸੀ! ਮੈਂ ਚੰਗੀ ਤਰ੍ਹਾਂ ਸੁਣ ਨੀ ਸਕੀ।'

ਇਸ ਵੇਲੇ ਉਸਨੂੰ ਆਖਰਕਾਰ ਇਹ ਇਹਸਾਸ ਹੋ ਗਿਆ ਕਿ ਅਜਿਹਾ ਇਕਬਾਲ ਕਰਨ ਲਈ ਠੀਕ ਥਾਂ ਕਿਹੜੀ ਹੈ। ਬਿਨਾਂ ਸ਼ੱਕ ਉਹਨਾਂ ਨੂੰ ਕਿਸੇ ਕੈਫੇ ਜਾਂ ਰੈਸਤੋਰਾਂ ਵਿਚ ਜਾਣਾ ਚਾਹੀਦਾ ਹੈ। ਉਥੇ ਉਹ ਜਦੋਂ ਉਸਦੀਆਂ ਅੱਖਾਂ ਵਿਚ ਅੱਖਾਂ ਪਾਏਗਾ ਤਾਂ ਅੰਤ ਨੂੰ ਉਹਦੇ ਸਾਹਮਣੇ ਆਪਣਾ ਦਿਲ ਫੋਲ ਸਕੇਗਾ।

ਇਸ ਲਈ ਉਹ ਇਕ ਰੈਸਤੋਰਾਂ ਵਿਚ ਚਲੇ ਗਏ ਅਤੇ ਬਹਿਰੇ ਨੇ ਉਹਨਾਂ ਨੂੰ ਦੋ ਜਣਿਆਂ ਲਈ ਬਣੇ ਇਕ ਮੇਜ਼ ਤੇ ਬਿਠਾ ਦਿਤਾ ਜੁ ਖੂੰਜੇ ਵਿਚ ਪਿਆ ਸੀ। ਹੌਸਲਾ ਕਰਕੇ ਉਹ ਗੱਲ ਸ਼ੁਰੂ ਹੀ ਕਰਨ ਲੱਗਾ ਸੀ ਕਿ ਅਚਾਨਕ ਉਹਦੇ ਬਿਲਕੁਲ ਨੇੜੇ ਹੀ ਇਕ ਉਚੇ ਪਲੈਟਫਾਰਮ ਤੇ ਆਰਕੈਸਟਰਾ ਪੂਰੇ ਜ਼ੋਰਾਂ-ਸ਼ੋਰਾਂ ਨਾਲ ਵੱਜਣਾ ਸ਼ੁਰੂ ਹੋ ਗਿਆ। ਉਹਦਾ ਮੂੰਹ ਖੁੱਲ੍ਹਾ ਹੀ ਰਹਿ ਗਿਆ ਅਤੇ ਜ਼ਬਾਨ ਖੁਸ਼ਕ ਹੋ ਗਈ ਅਤੇ ਉਸਦੀਆਂ ਅੱਖਾਂ ਵਿਚ ਹੈਰਾਨੀ ਤੇ ਡਰ ਝਲਕ ਰਿਹਾ ਸੀ।

'ਕੁਝ ਸੁਣਾਈ ਨੀ ਦਿੰਦਾ' ਉਸਨੇ ਬੇਸਬਰੀ ਨਾਲ ਆਖਿਆ।

'ਹਾਂ, ਤੈਨੂੰ ਪਤਾ ਏ, ਮੈਂ ਚਾਹੁੰਦਾ—'

'ਉੱਚੀ ਬੋਲ', ਉਹ ਇਸ ਤਰ੍ਹਾਂ ਚਿਲਾਈ ਕਿ ਸਾਰੇ ਰੈਸਤੋਰਾਂ ਵਿਚ ਸੁਣਿਆ ਜਾ ਸਕਦਾ ਸੀ।

'ਮੈਂ ਹੋਰ ਉਚੀ ਨੀ ਬੋਲ ਸਕਦਾ', ਉਹ ਕੂਕਿਆ। ਅਤੇ ਫੇਰ ਉਹ ਦੋਵੇਂ ਚੁੱਪ ਹੋ ਗਏ।

ਅਗਲੀ ਸਵੇਰ ਉਸਨੇ ਉਹਨੂੰ ਫੋਨ ਕੀਤਾ ਅਤੇ ਇਸ ਤਰ੍ਹਾਂ ਨਿਰਾਸ਼ ਹੋ ਕੇ ਬੋਲਣ ਲੱਗਾ ਜਿਵੇਂ ਕਿਸੇ ਕੰਧੀ ਤੋਂ ਥੱਲੇ ਡਿਗ ਰਿਹਾ ਹੋਵੇ, 'ਮੈਂ ਤੈਨੂੰ ਪਿਆਰ ਕਰਦਾ ਹਾਂ। ਤੈਨੂੰ ਮੇਰੀ ਆਵਾਜ਼ ਸੁਣਾਈ ਦਿੰਦੀ ਏ।'

ਉਸਨੇ ਇਹ ਸ਼ਬਦ ਬਿਲਕੁਲ ਹੌਲੀ ਜਹੀ ਆਖੇ, ਕਿਉਂਕਿ ਰੈਸਤੋਰਾਂ ਵਿਚ ਪਿਛਲੀ ਸ਼ਾਮ ਤੋਂ ਬਾਅਦ ਉਹਦੀ ਆਵਾਜ਼ ਗੁੰਮ ਹੋ ਗਈ ਸੀ। ਪਰ ਟੈਲੀਫੂਨ ਠੀਕ ਤਰ੍ਹਾਂ ਕੰਮ ਨਹੀਂ ਸੀ ਕਰ ਰਿਹਾ।

o

## **ਦੀਵਾਲੀ** / ਜੋਗਿੰਦਰ ਭਾਟੀਆ

ਅਜੇ ਮੂੰਹ-ਹਨ੍ਹੇਰਾ ਸੀ। ਘੁਮਿਆਰਾਂ ਦਾ ਮੁੰਡਾ ਸ਼ਹਿਰ ਦੀਆਂ ਗਲੀਆਂ ਵਿਚ ਹੋਕਾ ਦੇ ਰਿਹਾ ਸੀ।

'ਦੀਵੇ ਲੈ ਲੋ ਦੀਵੇ ! ਦੀਵੇ ਲੈ ਲੋ ਦੀਵੇ !'

ਜਸਪਾਲ ਆਪਣੇ ਦਰਾਂ ਵਿਚ ਆ ਕੇ ਖਲੋ ਗਈ। ਸ਼ਾਇਦ ਉਹ ਹੋਕਾ ਸੁਣ ਕੇ ਆਈ ਸੀ। ਹੁਣ ਅਵਾਜ਼ ਹੋਰ ਉਚੀ ਤੇ ਨੇੜੇ ਆ ਗਈ।

'ਦੀਵੇ ਲੈ ਲੋ ਦੀਵੇ ! ਦੀਵੇ ਲੈ ਲੋ ਦੀਵੇ।' ਮਲੂਕ ਘੁਮਿਆਰਾਂ ਦਾ ਮੁੰਡਾ ਨੰਗੇ ਪੈਰੀਂ ਠੰਡ ਨਾਲ ਕੁਝ ਕੁਝ ਕੰਬ ਰਿਹਾ ਸੀ। ਤਾਰੇ ਚੜ੍ਹੇ ਉਹ ਲਾਗਦੇ ਪਿੰਡੋਂ ਆਇਆ ਸੀ ਤੇ ਸਵੇਰ ਹੋਣ ਤਕ ਉਹ ਟਿਮਟਿਮਾਂਦੇ ਅਲੋਪ ਹੋ ਗਏ ਸਨ। ਦੀਵਿਆਂ ਦੇ ਭਾਰ ਨਾਲ ਉਸਦਾ ਖੋਤਾ ਬੇਕਾਬੂ ਹੋਇਆ ਲਗਦਾ ਸੀ ਤੇ ਉਸ ਨੇ ਖੋਤੇ ਦਾ ਇਕ ਕੰਨ ਫੜ ਕੇ ਰਖਿਆ ਸੀ।

'ਦੀਵੇ ਲੈ ਲੋ ਦੀਵੇ ! ਦੀਵੇ ਲੈ ਲੋ ਦੀਵੇ।' ਚੁੱਪ ਚਾਪ ਸੁੱਤੇ ਸ਼ਹਿਰ ਵਿਚ ਹੌਲੀ ਹੌਲੀ ਹਰਕਤ ਆ ਰਹੀ ਸੀ।

'ਵੇ ਕਿਸ ਭਰ੍ਹਾਂ ਦਿਤੇ ਨੇ ਦੀਵੇ ?' ਇੰਤਜ਼ਾਰ ਕਰਦੀ ਜਸਪਾਲ ਨੇ ਪੁਛਿਆ।

'ਜੋ ਮਰਜ਼ੀ ਦੇ ਦੇਣਾ ਬੀਬੀ ਜੀ।'

'ਨਹੀਂ ਫਿਰ ਵੀ...?'

'ਦੋ ਰੁਪਏ ਸੈਂਕੜਾ।'

'ਅੱਛਾ ਫਿਰ ਦੀਵਿਆਂ ਵਿਚ ਪਾਣ ਲਈ ਤੇਲ ਵੀ ਦੇਦੇਂਗਾ।' ਜਸਪਾਲ ਨੇ ਮੁੰਡੇ ਨੂੰ ਇਕ ਮਜ਼ਾਕ ਕੀਤਾ।

'ਨੀ ਭੈਣ ਤੇਲ ਦਾ ਫਿਕਰ ਨਾ ਕਰ, ਮੈਥੋਂ ਲੈ ਲਈਂ। ਦੀਵਾਲੀ ਕਿਹੜਾ ਰੋਜ਼ ਰੋਜ਼ ਆਉਂਦੀ ਏ।' ਠੇਕੇਦਾਰਾਂ ਦੀ ਵਹੁਟੀ, ਉਸ ਦੀ ਗੁਆਂਢਣ ਨੇ ਉਸ ਨੂੰ ਪਰਤਵਾਂ ਜੁਆਬ ਦਿਤਾ ਜੋ ਉਸ ਦੇ ਪਿੱਛੇ ਖਲੋਤੀ ਦੀਵੇ ਲੈਣ ਆਈ ਸੀ।

'ਚੰਗਾ ਕੁੜੇ ਫਿਰ ਤੂੰ ਭੇਜ ਦੇਈਂ।' ਫੇਰ ਸਾਰੇ ਦੀਵੇ ਠੇਕੇਦਾਰਾਂ ਦੀ ਵਹੁਟੀ ਲੈ ਕੇ ਚਲੀ ਗਈ। ਜਸਪਾਲ ਨੇ ਸਿਰਫ ਵੀਹ ਕੁ ਦੀਵੇ ਚੁਣ ਲਏ।

'ਦੀਵੇ ਲੈ ਲੋ ਦੀਵੇ ! ਦੀਵੇ ਲੈ ਲੋ ਦੀਵੇ।' ਘੁਮਿਆਰਾਂ ਦਾ ਮੁੰਡਾ ਹੋਕਾ ਦਿੰਦਾ ਅਗੇ ਲੰਘ ਗਿਆ। ਉਸਦਾ ਖੋਤਾ ਹੁਣ ਆਸਾਨੀ ਨਾਲ ਟੁਰ ਰਿਹਾ ਸੀ।

ਜਸਪਾਲ ਰਸੋਈ ਦੇ ਕੰਮ ਝਾੜ ਪੂੰਝ ਵਿਚ ਰੁਝ ਗਈ। ਚਾਹ ਦੀਆਂ ਪਿਆਲੀਆਂ ਉਸ ਵਿਮ ਪਾ ਕੇ ਧੋਣੀਆਂ ਸ਼ੁਰੂ ਕਰ ਦਿਤੀਆਂ। ਰਾਤ ਦੇ ਭਾਂਡੇ ਵੀ ਇੰਜੇ ਪਏ ਹੋਏ ਸਨ ਜਿਨ੍ਹਾਂ ਨੂੰ ਉਹ ਰਾਤ ਪਾਣੀ ਦੀ ਟੂਟੀ ਬੰਦ ਹੋਣ ਕਰਕੇ ਮਾਂਜ ਨਹੀਂ ਸੀ ਸਕੀ। ਉਹ ਚਾਹੁੰਦੀ ਸੀ ਕਿ ਉਹ ਨਿੱਕੇ ਗਾਬਲੂ ਦੇ ਉਠਣ ਤੋਂ ਪਹਿਲਾਂ ਵਿਹਲੀ ਹੋ ਜਾਵੇ। ਪਰ ਅਜੇ ਕੁਝ ਵਕਤ ਹੀ ਬੀਤਿਆ ਹੋਵੇਗਾ ਕਿ ਅੰਦਰੋਂ ਰੋਣ ਦੀ ਆਵਾਜ਼ ਆਈ ਤੇ ਉਸ ਦੇ ਉਠਦਿਆਂ ਉਠਦਿਆਂ ਗਾਬਲੂ ਵਿਹੜੇ ਵਿਚ ਆ ਗਿਆ।

'ਆਈ ਬੇਟੇ।' ਉਸਦੀ ਮੰਮੀ ਨੇ ਉਸ ਨੂੰ ਗੋਦੀ ਵਿਚ ਲੈ ਲਿਆ।

'ਮੇਰੀ ਸੋਹਣੀ ਪੁਤਰੀ, ਮੇਰੀ ਬਾਕੀ। ਮੇਰੀ ਨਿੱਕੀ ਜਿਹੀ ਲਾਲੀ, ਮੇਰੀ ਘੁੱਗੀ...।' ਜਸਪਾਲ ਇਕੋ ਸਾਹੇ ਕਿੰਨਾ ਕੁਝ ਕਹਿ ਗਈ ਤੇ ਗਾਬਲੂ ਨੂੰ ਚੁੰਮ ਚੁੰਮ ਕੇ ਉਸ ਨੇ ਗਿੱਲਾ ਕਰ ਦਿਤਾ।

'ਹਾਂ ਮੰਮੀ ਨੇ ਗਾਲ੍ਹ ਕੱਢੀ। ਲਾਲੀ ਘੁੱਗੀ ਨਹੀਂ ਆਖੀਦਾ।'

'ਨਹੀਂ ਗਾਬਲੂ ਇਹ ਕੋਈ ਗਾਲ ਥੋੜ੍ਹੀ ਏ। ਤੂੰ ਤੇ ਮੇਰਾ ਚੰਗਾ ਪੁੱਤਰ ਏਂ।'

'ਅੱਜ ਮੰਮੀ ਮੈਨੂੰ ਛੁੱਟੀ ਏ ?'

'ਹਾਂ ਜੀ। ਅਜ ਦੀਵਾਲੀ ਏ ਨਾ। ਤੇਰੇ ਡੈਡੀ ਤੇਰੇ ਵਾਸਤੇ ਖਿਡੌਣੇ ਤੇ ਖਾਣ ਲਈ ਬੜੀਆਂ ਮਿਠਾਈਆਂ ਲਿਆਉਣਗੇ।'

'ਡੈਡੀ ਕਿਥੇ ਗਏ ਨੇ ?'

'ਉਹ ਆਫਿਸ ਗਏ ਨੇ ਪੁੱਤਰ ?' ਇੰਗਲਿਸ਼ ਸਕੂਲ ਜਾਂਦਾ ਗਾਬਲੂ ਆਫਿਸ ਦਾ ਮਤਲਬ ਸਮਝਦਾ ਸੀ।

'ਮੰਮੀ ਉਹਨਾਂ ਨੂੰ ਕਿਉਂ ਨਹੀਂ ਛੁੱਟੀ ?'

'ਤੇਰੇ ਡੈਡੀ ਨੂੰ ਤਾਂ ਸੰਡੇ ਦੀ ਵੀ ਛੁਟੀ ਨਹੀਂ ਸੀ ਹੁੰਦੀ ਜਦੋਂ ਦੂਜੇ ਆਫਿਸ ਬੰਦ ਰਹਿੰਦੇ ਸਨ। ਭਲਾ ਹੋਵੇ ਉਸ ਕਿਦਵਾਈ ਦਾ ਜਿਸ ਨੇ ਛੁੱਟੀ ਕਰਾਈ।'

ਗਾਬਲੂ ਨੂੰ ਅੱਧੀ ਗੱਲ ਸਮਝ ਵਿਚ ਆਈ ਤੇ ਅੱਧੀ ਨਾ। ਆਖਰ ਉਸ ਨੇ ਸਮਝ ਕੇ ਲੈਣਾ ਵੀ ਕੀ ਸੀ। ਉਹ ਖੇਡਣ ਲਈ ਗਲੀ ਵਾਲੇ ਦਰਵਾਜ਼ੇ ਭੱਜ ਗਿਆ। ਗਾਬਲੂ ਦੇ ਹੱਥਾਂ ਵਿਚ ਪਿਸਤੌਲ ਸੀ 'ਤੇ ਉਸ ਨੇ ਵਿਚ ਪਟਾਕੇ ਭਰ ਦਿਤੇ। ਘੋੜਾ ਦੱਬਣ ਤੇ ਠਾਹ ਠਾਹ ਆਵਾਜ਼ਾਂ ਆਉਣ ਲਗ ਪਈਆਂ। ਉਹ ਬੜੇ ਰੋਹ ਵਿਚ ਖਲੋਤਾ ਪਸਤੌਲ ਤਾਣਕੇ ਕਹਿ ਰਿਹਾ ਸੀ, 'ਇਨਕਲਾਬ ਜ਼ਿੰਦਾਬਾਦ! ਸਾਡੀ ਪਾਰਟੀ ਜ਼ਿੰਦਾਬਾਦ!!' ਉਹ ਅਕਸਰ ਗਲੀ ਦੇ ਬਚਿਆਂ ਨਾਲ ਖੇਡਦਾ ਇਹ ਨਾਹਰਾ ਲਾਉਂਦਾ ਹੁੰਦਾ ਸੀ।

ਅਜ ਜਸਪਾਲ ਆਪਣੇ ਪੁੱਤਰ ਵਲ ਵੇਖ ਕੇ ਪਤਾ ਨਹੀਂ ਕਿਉਂ ਹੈਰਾਨ ਰਹਿ ਗਈ ਤੇ ਉਸ ਨੂੰ ਫੜ ਕੇ ਫਿਰ ਜੱਫੀ ਵਿਚ ਘੁੱਟ ਲਿਆ।

'ਇਹ ਕਾਹਦੀ ਰੀਹਸਲ ਹੋ ਰਹੀ ਏ ?' ਗਾਬਲੂ ਦਾ ਡੈਡੀ ਇਹ ਸਭ ਕੁਝ ਹੁੰਦਾ ਵੇਖ ਰਿਹਾ ਸੀ। ਉਹ ਦਫਤਰ ਚੋਂ ਆਪਣੀ ਦੋ ਘੰਟੇ ਦੀ ਡਿਊਟੀ ਕਰਕੇ ਆਇਆ ਸੀ ਤੇ ਫਿਰ ਸ਼ਾਮ ਨੂੰ ਚਾਰ ਵਜੇ ਜਾਣਾ ਸੀ।

ਜਸਪਾਲ ਦੀਆਂ ਅੱਖਾਂ ਵਿਚ ਉਦਾਸੀ ਤੇ ਅੱਥਰੂ ਭਰੇ ਹੋਏ ਸਨ।

'ਭਗਤ ਸਿੰਘ ਵਰਗੇ ਪੁੱਤ ਹੋਣੇ ਚਾਹੀਦੇ ਨੇ ਕਮਲੀਏ। ਜਿਹਨੇ ਫੋਕਾ ਬੰਬ ਅਸੈਂਬਲੀ ਵਿਚ ਸੁੱਟਿਆ ਸੀ ਤੇ ਅੰਗਰੇਜ਼ ਮੇਜ਼ਾਂ ਹੇਠ ਲੁਕਦੇ ਫਿਰੇ ਸਨ।'

'ਤੁਸੀਂ ਬਹੁਤੀਆਂ ਗੱਲਾਂ ਨਾ ਕਰੋ ਤੇ ਬਾਜ਼ਾਰ ਹੋ ਆਓ। ਫਿਰ ਮਠਿਆਈ ਖਤਮ ਹੋ ਜਾਵੇਗੀ। ਗਾਬਲੂ ਲਈ ਫੁਲਝੜੀਆਂ, ਮਹਿਤਾਬੀਆਂ, ਹਵਾਈ ਜਹਾਜ਼, ਬੰਬ ਤੇ ਮੋਮਬੱਤੀਆਂ ਲੈ ਕੇ ਆਉ।'

'ਮੇਰੇ ਕੋਲ ਤਾਂ ਇਕ ਦਸ ਦਾ ਨੋਟ ਹੈ। ਜੋ ਇਸ ਨਾਲ ਆਵੇਗਾ, ਮੈਂ ਲੈ ਆਵਾਂਗਾ।'

'ਅਜ ਪੰਝੀ ਤਾਰੀਖ ਹੈ ਤੇ ਫਿਰ ਮਹੀਨਾ ਵੀ ਇਕੱਤੀਆਂ ਦਾ ਹੈ। ਪੂਰੇ ਛੇ ਦਿਨ ਪਏ ਨੇ। ਤੁਸੀਂ ਉਧਾਰ ਕਰ ਲਿਆ ਜੇ। ਹਰੀ ਰਾਮ ਹਲਵਾਈ ਤੁਹਾਡਾ ਵਾਕਫ ਏ ਤੇ ਕਰਿਆਨੇ ਵਾਲੇ ਤੋਂ ਦੂਜੀਆਂ ਚੀਜ਼ਾਂ ਲੈ ਆਉਣੀਆਂ। ਹੁਣ ਬਚਿਆਂ ਨੂੰ ਤਰਸਾਉਣਾ ਥੋੜ੍ਹਾ ਹੀ ਏ। ਇਹ ਦਸ ਹੋਰ ਖਰਚ ਲਈ ਰਖ ਲਓ।'

'ਅੱਛਾ ਗਾਬਲੂ ਦੀ ਮੰਮੀ।' ਤੇ ਉਹ ਇੰਨਾ ਕਹਿੰਦਾ ਹੋਇਆ ਬਾਹਰ ਚਲਾ ਗਿਆ।

ਹਲਵਾਈ ਦੀ ਦੁਕਾਨ ਭਾਂਤ ਭਾਂਤ ਦੀਆਂ ਮਿਠਾਈਆਂ ਨਾਲ ਸਜੀ ਹੋਈ ਸੀ। ਲੋਕ ਲਿਫਾਫਿਆਂ ਦੇ ਲਿਫਾਫੇ ਭਰ ਭਰ ਕੇ ਲੈ ਜਾ ਰਹੇ ਸਨ। ਪਰ ਉਹ ਦੁਕਾਨ ਤੇ ਖਲੋਤਾ ਗੁੰਮ ਸੁੰਮ ਸੋਚ ਰਿਹਾ ਸੀ ਕਿ ਉਹ ਬੱਚਿਆਂ ਲਈ ਕੀ ਲਿਜਾਵੇ। ਘਿਉ ਤੇ ਖੰਡ ਦੀ ਕਿਲਤ ਕਰਕੇ ਰੇਟ ਅੱਗੇ ਨਾਲੋਂ ਕਾਫੀ ਵਧੇ ਹੋਏ ਸਨ।

'ਸਰਦਾਰ ਜੀ ਕੀ ਲੈਣਾ ਜੇ ?' ਆਖ਼ਰ ਹਲਵਾਈ ਨੇ ਪੁੱਛ ਹੀ ਲਿਆ।

'ਤਿੰਨ ਸੌ ਗ੍ਰਾਮ ਬਰਫੀ, ਤਿੰਨ ਸੌ ਗ੍ਰਾਮ ਪੇਠਾ ਤੇ ਅੱਧਾ ਕਿਲੋ ਜਲੇਬੀਆਂ ਤੋਲ ਦਿਓ।'

'ਹੋਰ ਜਨਾਬ।'

'ਬਸ ਪੈਸੇ ਲਿਖ ਲੈਣੇ।' ਤੇ ਉਹ ਮਿਠਾਈ ਲੈ ਕੇ ਸਬਜ਼ੀ ਮੰਡੀ ਚਲਾ ਗਿਆ। ਉਥੋਂ ਇਕ ਦਰਜਨ ਕੇਲੇ ਦੋ ਰੁਪਏ ਦੇ ਲਏ। ਫਿਰ ਕਰਿਆਨੇ ਵਾਲੀ ਦੁਕਾਨ ਤੋਂ ਉਸ ਬਚਿਆਂ ਲਈ ਫੁਲਝੜੀਆਂ ਤੇ ਪਟਾਕੇ ਆਦਿ ਖਰੀਦੇ। ਉਸ ਨੂੰ ਯਾਦ ਆਇਆ ਕਿ ਲਾਗੀਆਂ ਲਈ ਖੰਡ ਦੇ ਖਿਡੌਣੇ, ਫੁੱਲੀਆਂ ਤੇ ਅਖਰੋਟ ਵੀ ਚਾਹੀਦੇ ਹਨ। ਉਸ ਉਹ ਵੀ ਲੈ ਲਏ ਤੇ ਪੈਸੇ ਲਿਖਵਾ ਕੇ ਘਰ ਨੂੰ ਮੁੜ ਪਿਆ।

'ਕਿੰਨੇ ਪੈਸੇ ਲਾ ਆਏ ਹੋ ?' ਜਸਪਾਲ ਨੇ ਥੈਲਾ ਫੜਦਿਆਂ ਕਿਹਾ।

'ਲਗ ਗਏ ਜਿੰਨੇ ਲਗਣੇ ਸਨ।'

'ਫਿਰ ਵੀ ਦਸੋ ਤਾਂ ਸਹੀ!'

'ਕੋਈ ਵੀਹ ਕੁ ਰੁਪਏ ਲਗ ਗਏ ਨੇ।' ਅਜੇ ਲਿਆ ਤਾਂ ਕੁਝ ਵੀ ਨਹੀਂ।

'ਮਹਿੰਗਾਈ ਜੋ ਹੋਈ। ਆਦਮੀ ਕਰੇ ਤਾਂ ਕੀ ਕਰੇ ?'

'ਐਤਕੀਂ ਬੜੀਆਂ ਆਤਸ਼ਬਾਜ਼ੀ ਦੀਆਂ ਦੁਕਾਨਾਂ ਲਗੀਆਂ ਹੋਈਆਂ ਨੇ। ਜੇ ਅੱਗ ਲਗ ਜਾਵੇ ਤਾਂ ਸਾਰਾ ਬਾਜ਼ਾਰ ਦਾ ਬਾਜ਼ਾਰ ਤਬਾਹ ਹੋ ਜਾਵੇ। ਆਪਣੀ ਮਨਮਰਜ਼ੀ ਦੀਆਂ ਕੀਮਤਾਂ ਲਾਈ ਜਾਂਦੇ ਨੇ ਤੇ ਭੋਲੇ ਭਾਲੇ ਪੇਂਡੂ ਮਾਲ ਢੋਈ ਜਾਂਦੇ ਨੇ।'

'ਪਿੰਡ ਦੇ ਲੋਕ ਤਾਂ ਇੰਜ ਸ਼ਹਿਰ ਆਉਂਦੇ ਨੇ ਜਿਵੇਂ ਕੋਈ ਕਿੱਲੇ ਨਾਲੋਂ ਬੰਨ੍ਹਿਆ ਹੋਇਆ ਛੁਟਦਾ ਹੈ।'

'ਜੋ ਰਹਿੰਦ ਖੂੰਹਦ ਹੁੰਦਾ ਹੈ, ਉਹ ਝਟ ਲਗ ਜਾਂਦਾ ਹੈ।'

'ਚੰਗਾ ਤੁਸੀਂ ਦਫਤਰ ਹੋ ਆਓ। ਜੇ ਗਾਬਲੂ ਨੇ ਤੁਹਾਨੂੰ ਵੇਖ ਲਿਆ ਤਾਂ ਉਹਨੇ ਤੁਹਾਡਾ ਪਿੱਛਾ ਨਹੀਂ ਜੇ

ਛੱਡਣਾ। ਜ਼ਰਾ ਛੇਤੀ ਆਉਣ ਦੀ ਕੋਸ਼ਿਸ਼ ਕਰਨੀ। ਤਿਉਹਾਰ ਦਾ ਦਿਨ ਹੀ ਵੇਖ ਲਿਆ ਕਰੋ।'

'ਮੈਂ ਸਿੱਧਾ ਘਰ ਆਵਾਂਗਾ ਸ੍ਰੀਮਤੀ ਜੀ।'

'ਵੇਖ ਖਾਂ, ਅਗੇ ਤਾਂ ਰੋਜ਼ ਸ੍ਰੀਮਤੀ ਦੀਆਂ ਹੀ ਮੰਨਦੇ ਹੋ ਨਾ।'

'ਮੈਂ ਕਿਹਾ ਬੱਸ ਜਨਾਬ। ਐਵੇਂ ਮੇਰਾ ਮੂਡ ਖਰਾਬ ਨਾ ਕਰੋ। ਅਜ ਦੀਵਾਲੀ ਹੈ, ਤੁਸੀਂ ਤਿਆਰ ਹੋ ਜਾਵੋ। ਮੈਂ ਹੁਣੇ ਹੀ ਘਰ ਪਹੁੰਚਿਆ। ਡੀਅਰ ਨੀਲੇ ਰੰਗ ਦੀ ਸਿੱਪੀਆਂ ਵਾਲੀ ਸਾੜ੍ਹੀ ਅਜ ਲਾਉਣੀ।'

ਜਸਪਾਲ ਮੱਸਿਆ ਦੀ ਰਾਤ ਵਾਂਗ ਚੁੱਪ ਤੇ ਉਦਾਸ ਖਲੋਤੀ ਰਹੀ ਤੇ ਗਾਬਲੂ ਦਾ ਡੈਡੀ ਦਫਤਰ ਚਲਾ ਗਿਆ।

ਪੂਰੇ ਛੇ ਵਜੇ ਗਾਬਲੂ ਗਲੀ ਵਿਚ ਟੁਰਦਾ ਫਿਰਦਾ ਆਪਣੇ ਡੈਡੀ ਦਾ ਰਾਹ ਵੇਖ ਰਿਹਾ ਸੀ। ਉਹਨਾਂ ਨੂੰ ਨਾਲ ਲੈ ਕੇ ਉਹ ਅੰਦਰ ਘਰ ਆ ਗਿਆ। ਜਸਪਾਲ ਨੇ ਨੀਲੀ ਸਾੜ੍ਹੀ ਬੰਨੀ ਹੋਈ ਸੀ ਤੇ ਉਸ ਤੇ ਚਿੱਟੀਆਂ ਸਿੱਪੀਆਂ ਤਾਰਿਆਂ ਵਾਂਗ ਚਮਕ ਰਹੀਆਂ ਸਨ। ਉਸਨੂੰ ਪਫ ਵਾਲਾ ਜੂੜਾ ਬੜਾ ਸੋਹਣਾ ਲਗ ਰਿਹਾ ਸੀ। ਮੱਥੇ ਤੇ ਲਗੀ ਫਿੱਕੀ ਜਿਹੀ ਗੋਲ ਬਿੰਦੀ ਅਸਮਾਨੀ ਚੰਦ ਦਾ ਭੁਲੇਖਾ ਪਾ ਰਹੀ ਸੀ। ਉਸ ਹੱਥ ਵਿਚ ਫੁਲਝੜੀਆਂ ਫੜੀਆਂ ਤੇ ਮੋਮਬੱਤੀ ਨਾਲ ਅੱਗ ਲਾ ਦਿਤੀ। ਗਾਬਲੂ ਰੰਗ ਬਰੰਗੀਆਂ ਫੁਲਝੜੀਆਂ ਫੜ ਕੇ ਘੁਮਾਂਦਾ ਰਿਹਾ। ਫਿਰ ਉਸ ਪਟਾਕੇ ਵਜਾਏ। ਹਵਾਈ ਜਹਾਜ਼ਾਂ ਨੂੰ ਪਰ੍ਹਾਂ ਹੋ ਕੇ ਅੱਗ ਲਾਉਂਦਾ ਤੇ ਉਹ ਸ਼ੂ ਕਰ ਕੇ ਉਤੇ ਚੜ੍ਹ ਜਾਂਦੇ। ਉਸ ਦੇ ਡੈਡੀ ਨੇ ਅਨਾਰ ਤੇ ਬੰਬ ਚਲਾਏ।

ਹੁਣ ਗਾਬਲੂ ਬੜਾ ਖੁਸ਼ ਸੀ। ਉਸ ਨੇ ਆਪਣੀ ਪਿਸਤੌਲ ਲਭ ਲਈ ਤੇ ਮੰਮੀ ਡੈਡੀ ਨਾਲ ਕੋਠੇ ਤੇ ਚੜ੍ਹ ਗਿਆ। ਉਹ ਇਕ ਇਕ ਕਰਕੇ ਬਨੇਰਿਆਂ ਉਤੇ ਮੋਮਬੱਤੀਆਂ ਲਾਉਣ ਲਗ ਪਏ। ਪਿਛੋਂ ਦੀ ਹਵਾ ਉਹਨਾਂ ਨੂੰ ਬੁਝਾਈ ਜਾ ਰਹੀ ਸੀ ਤੇ ਉਹ ਫਿਰ ਉਹਨਾਂ ਨੂੰ ਜਗਾ ਦਿੰਦੇ। ਤੇਲ ਦੇ ਭਰੇ ਦੀਵੇ ਵੀ ਹਵਾ ਨਾਲ ਬੁਝਣ ਤੇ ਆ ਜਾਂਦੇ ਤੇ ਫਿਰ ਰੁੱਖ ਬਦਲਣ ਤੇ ਲਟ ਲਟ ਕਰਨ ਲਗ ਜਾਂਦੇ।

ਗਾਬਲੂ ਨੇ ਅੱਖ ਬਚਾ ਕੇ ਆਪਣੀ ਪਿਸਤੌਲ ਵਿਚ ਪਟਾਕੇ ਭਰ ਦਿਤੇ। ਉਸ ਨੇ ਇਕ ਕਚੀਚੀ ਵੱਟੀ ਤੇ ਘੋੜਾ ਦੱਬ ਦਿਤਾ। ਠਾਹ ਠਾਹ ਅਵਾਜ਼ਾਂ ਆਉਣ ਲਗ ਪਈਆਂ। ਉਹ ਬੜੇ ਰੋਹ ਵਿਚ ਸੀ ਤੇ ਪਿਸਤੌਲ ਤਾਣ ਕੇ ਖਲੋਤਾ ਹੋਇਆ ਕਹਿ ਰਿਹਾ ਸੀ, 'ਇਨਕਲਾਬ ਜ਼ਿੰਦਾਬਾਦ! ਸਾਡੀ ਪਾਰਟੀ ਜ਼ਿੰਦਾਬਾਦ!!'

ਜਸਪਾਲ ਦੀਆਂ ਅੱਖਾਂ ਵਿਚ ਪਹਿਲਾਂ ਉਦਾਸੀ ਤੇ ਫਿਰ ਅੱਥਰੂ ਉਤਰ ਆਏ। ਬਨੇਰਿਆਂ ਦੀਆਂ ਲਗ ਭਗ ਸਾਰੀਆਂ ਮੋਮਬੱਤੀਆਂ ਤੇ ਦੀਵੇ ਹੌਲੀ ਹੌਲੀ ਹਿਸ ਰਹੇ ਸਨ। ਆਲੇ ਦੁਆਲੇ ਫਿਰ ਮੱਸਿਆ ਦੀ ਕਾਲੀ ਰਾਤ ਛਾ ਗਈ ਤੇ ਮਾਸੂਮ ਗਾਬਲੂ ਆਪਣੀ ਮੰਮੀ ਦੀ ਛਾਤੀ ਨਾਲ ਲਗ ਕੇ ਸੌਂ ਗਿਆ।

o

**ਸਵੇਰਾ** / ਤਾਰਾ ਸਿੰਘ 'ਅਰਸ਼ੀ'

ਜਿੰਦੋ ਨੇ ਰਜ਼ਾਈ ਵਿਚੋਂ ਮੂੰਹ ਕਢਿਆ, ਏਧਰ ਓਧਰ ਝਾਤ ਮਾਰੀ ਅਤੇ ਫੇਰ ਜਿਵੇਂ ਆਪਣੇ ਆਪ ਨੂੰ ਰਜ਼ਾਈ ਦੀਆਂ ਕੰਨੀਆਂ ਵਿਚ ਲਕੋਣਾ ਚਾਹੁੰਦੀ ਹੋਵੇ ਪਰ ਦਿਨ ਚੜ੍ਹਨ ਦੇ ਡਰੋਂ ਅਤੇ ਝਿੜਕਾਂ ਪੈਣ ਦੇ ਭੈ ਤੋਂ ਕੁਝ ਅਕਲਕਾਂਦ ਜਿਹੀ ਹੋ ਕੇ ਬੋਲੀ, ਮੰਗਤੂ, ਉਠ ਵੀਰ, ਦਿਨ ਚੜ੍ਹ ਗਿਆ।' ਏਨਾ ਕਹਿੰਦੀ ਹੋਈ ਉਹ ਰਜ਼ਾਈ ਵਲ ਏਦਾਂ ਝਾਕਣ ਲੱਗ ਪਈ ਜਿਸ ਤਰ੍ਹਾਂ ਉਸ ਦੀਆਂ ਅਨਭੋਲ ਅੱਖਾਂ ਵਿਚੋਂ ਇਹ ਸ਼ਬਦ ਕਿਸੇ ਸ਼ਬਦ ਰਹਿਤ ਬੋਲੀ ਰਾਹੀਂ ਵਿਆਕੁਲ ਹੋ ਉਠੇ ਹੋਣ, 'ਹੈਂ! ਇਹ ਰਜ਼ਾਈ ਵੀ ਉਸੇ ਤਰ੍ਹਾਂ ਫਟੀ ਪੁਰਾਣੀ ਅਤੇ ਮੈਲ ਨਾਲ ਭਰੀ ਹੋਈ ਹੈ ਜਿੱਦਾਂ ਦੀ ਸਾਡੀ ਕਿਸਮਤ—ਭਲਾ ਕੌਣ ਹੈ ਜਿਹੜਾ ਇਹ ਕਿਸਮਤ ਲਿਖਦਾ ਹੈ—ਬੇਬੇ ਕਹਿੰਦੀ ਸੀ ਕਿ ਵਿਹੁ ਮਾਤਾ ਦੀਆਂ ਲਿਖੀਆਂ ਹੋਈਆਂ ਲਕੀਰਾਂ ਕਦੀ ਨਹੀਂ ਮਿਟਦੀਆਂ ਪਰ ਇਹ ਵਿਹੁ ਮਾਤਾ ਦੀਆਂ ਲਕੀਰਾਂ ਸਾਡੇ ਘਰ ਵਿਚ ਆ ਕੇ ਮੱਧਮ ਕਿਉਂ ਹੋ ਗਈਆਂ। ਉਹ ਸੇਠ ਧਨੀ ਰਾਮ ਦੇ ਘਰ ਲਹਿਰਾਂ ਬਹਿਰਾਂ—ਹੋ ਸਕਦਾ ਹੈ ਵਿਹੁ ਮਾਤਾ ਦੀ ਉਹਨਾਂ ਦੇ ਘਰ ਬਹੁਤੀ ਸੇਵਾ ਹੋਈ ਹੋਵੇ। ਹਾਇ! ਉਹੋ ਕੰਮ, ਗੋਹਾ ਕੂੜਾ, ਜੱਟਾਂ ਦੇ ਘਰ ਸਵੇਰੇ ਉਠ ਕੇ ਜਾਣਾ, ਪਹਿਲਾਂ ਇਕ, ਫੇਰ ਦੂਜੇ ਅਤੇ ਫੇਰ... ਇਸੇ ਤਰ੍ਹਾਂ ਸ਼ਾਮਾਂ ਪੈ ਜਾਂਦੀਆਂ ਹਨ। ਹੱਥਾਂ ਵਿਚੋਂ ਗੋਹੇ ਦੀ ਬੋ ਆਉਣ ਲਗ ਪੈਂਦੀ ਹੈ ਅਤੇ ਜਿਸ ਘਰ ਥੋੜ੍ਹੀ ਜਿਹੀ ਦੇਰ ਨਾਲ ਪਹੁੰਚਾਂ ਉਹਨਾਂ ਦੀਆਂ ਝਿੜਕਾਂ ਵੱਖ।

ਇਹਨਾਂ ਵਹਿਣਾਂ ਵਿਚ ਵਹਿ ਗਈ ਜਿੰਦੋ ਨੂੰ ਕੁਝ ਦੇਰ ਉਠਣਾ ਭੁਲ ਗਿਆ ਪਰ ਤ੍ਰਭਕ ਕੇ ਫੇਰ ਬੋਲੀ 'ਵੇ ਮੰਗਤੂ, ਓ ਮੰਗਤਿਆ—ਉਠਣਾ ਏਂ ਕਿ ਨਹੀਂ। ਏਨਾ ਦਿਨ ਚੜ੍ਹ ਗਿਆ।' ਮੰਗਤੂ ਵੀ ਆਪਣੀ ਪਾਟੀ ਰਜ਼ਾਈ ਦੀਆਂ ਕੰਨੀਆਂ ਸਾਂਭਦਾ ਹੋਇਆ ਪਾਸੇ ਜਿਹਾ ਮਾਰਨ ਲਗ ਪਿਆ। 'ਹਾਇ ਅਜੇ ਤਾਂ ਨੀਂਦ ਵੀ ਪੂਰੀ

ਨਹੀਂ ਹੋਈ। ਸਾਡੀ ਜਾਨ ਨੂੰ ਇਹ ਸਿਆਪੇ ਪਏ ਰਹਿੰਦੇ ਨੇ। ਭਲਾ ਇਹ ਵੀ ਕੋਈ ਜ਼ਿੰਦਗੀ ਹੈ ? ਲੋਕ ਸੁਖ ਦੀ ਨੀਂਦ ਸੌਂਦੇ ਨੇ ਅਤੇ ਸੁਖ ਦੀ ਨੀਂਦੋਂ ਜਾਗਦੇ ਨੇ।'

ਚਿੰਤੀ ਪਹਿਲਾਂ ਹੀ ਰਜ਼ਾਈ ਵਿਚ ਉਠੀ ਬੈਠੀ ਸੀ ਭੈਣ ਭਰਾਵਾਂ ਨੂੰ ਏਦਾਂ ਹੀ ਰਜ਼ਾਈਆਂ ਵਿਚ ਪਲਸੇਟੇ ਮਾਰਦਿਆਂ ਨੂੰ ਦੇਖ ਕੇ ਬੋਲੀ, 'ਵੇ, ਅੱਜ ਉਠਣਾ ਏ ਕਿ ਨਹੀਂ ? ਕਿਥੇ ਦਿਨ ਚੜ੍ਹ ਆਇਆ, ਉਠਣ ਦਾ ਨਾਂ ਨਹੀਂ ਲੈਂਦੇ। ਕੰਮ ਤੇ ਨਹੀਂ ਜਾਣਾ ? ਵੇ ਏਥੇ ਕਿਹੜਾ ਕੋਈ ਕਮਾਊ ਬੈਠਾ ਏ, ਜੀਨ੍ਹੇ ਲਿਆ ਕੇ ਮੰਨੀਆਂ ਦੇਣੀਆਂ ਨੇ। ਕੁਝ ਕਰਕੇ ਆਉਗੇ ਤਾਂ ਹੀ ਢਿੱਡ ਦੀ ਅੱਗ ਬੁਝਾਵਾਂਗੇ। ਉਠੋ ਪੁੱਤਰੋ, ਏਦਾਂ ਝੱਟ ਨਹੀਂ ਲੰਘਣਾ, ਆਪਣਾ। ਢੇਰੀ ਢਾਹੁਣ ਨਾਲ ਤਾਂ ਆਪਾਂ ਏਦੂ ਵੀ ਰਹਿ ਜਾਵਾਂਗੇ।

'ਬੇਬੇ !' ਜਿੰਦੋ ਰਜ਼ਾਈ ਵਿਚੋਂ ਹੀ ਜ਼ਰਾ ਹੌਕਾ ਲੈ ਕੇ ਬੋਲੀ। 'ਉਠ ਪੁੱਤ,' ਚਿੰਤੋ ਨੇ ਜਵਾਨ ਧੀ ਵਲ ਵੇਖਿਆ, ਠੰਡੀ ਆਹ ਭਰੀ ਅਤੇ ਹੋਰ ਵੀ ਵਹਿਣਾ ਵਿਚ ਵਹਿ ਗਈ। 'ਏਹੋ ਤਾਂ ਉਮਰ ਹੈ ਖਾਣ ਹੰਢਾਣ ਦੀ। ਲੋਕਾਂ ਦੀਆਂ ਕੁੜੀਆਂ ਏਸ ਉਮਰ ਵਿਚ ਸੌ ਸੌ ਰੀਝਾਂ ਪੂਰੀਆਂ ਕਰਦੀਆਂ ਨੇ। ਸੌ ਸੌ ਸੁਪਨੇ ਲੈਂਦੀਆਂ ਨੇ। ਪਰ ਮੈਂ ਹਾਂ ਆਪਣੀ ਜੁਆਨ ਧੀ ਲਈ ਕੁਝ ਵੀ ਨਹੀਂ ਕਰ ਸਕਦੀ। ਵਿਚਾਰੀ ਸਾਰਾ ਦਿਨ ਲੋਕਾਂ ਦੇ ਘਰਾਂ ਵਿਚ ਗੋਹਾ ਕੂੜਾ ਕਰਦੀ ਹੈ। ਪਸ਼ੂਆਂ ਵਾਲੇ ਤਬੇਲਿਆਂ ਵਿਚ ਗੰਦ ਚੁਕਦੀ ਅਤੇ ਮਸ਼ਖਰੇ ਮੁੰਡਿਆਂ ਦੀਆਂ ਗੰਦੀਆਂ ਟਿੱਚਰਾਂ ਸਹਿੰਦੀ ਹੈ। ਪਰ ਵਿਚਾਰੀ ਮੇਰੇ ਅਤੇ ਆਪਣੇ ਛੋਟੇ ਭਰਾ ਲਈ ਸਹਾਰਦੀ ਹੈ। ਹਾਇ ਮੈਂ ਕੀ ਕਰਾਂ ?'

ਚਿੰਤੋ ਦੀ ਗਲ ਵੀ ਸੱਚੀ ਸੀ। ਇਕ ਵਾਰ ਸੰਤੂ ਨੇ ਜਿੰਦੋ ਨੂੰ ਡੰਗਰਾਂ ਵਾਲੇ ਘਰ ਵੇਖਿਆ ਤਾਂ ਅੰਦਰ ਆ ਵੜਿਆ। ਜਿੰਦੋ ਨੇ ਤਾੜ ਤਾਂ ਲਿਆ ਕਿ ਸੰਤੂ ਦੀ ਨੀਯਤ ਮਾੜੀ ਹੈ ਪਰ ਕੀ ਕਰਦੀ ਵਿਚਾਰੀ ਇਕੱਲੀ ਸੀ। ਘਰ ਵਿਚ ਉਸ ਦਿਨ ਹੋਰ ਕੋਈ ਵੀ ਨਹੀਂ ਸੀ। ਸੰਤੂ ਨੇ ਪਿਆਰ ਨਾਲ ਜਿੰਦੋ ਦੀ ਕਲਾਈ ਫੜ ਲਈ ਫੇਰ ਬਾਂਹ ਅਤੇ ਫੇਰ ਸਿਰ ਤੇ ਹੱਥ ਫੇਰਦਾ ਹੋਇਆ ਜਿੰਦੋ ਨੂੰ ਆਪਣੀ ਛਾਤੀ ਨਾਲ ਲਾਈ ਜਾ ਰਿਹਾ ਸੀ। ਜਿੰਦੋ ਦੇ ਦਿਲ ਦੀ ਅੱਗ ਭੜਕ ਉਠੀ ਸੀ। ਉਹ ਸੰਤੂ ਦੇ ਢਿਡ ਵਿਚੋਂ ਦਾਤੀ ਲੰਘਾ ਦੇਣਾ ਚਾਹੁੰਦੀ ਸੀ ਜਿਹੜੀ ਉਸਦੇ ਕੋਲ ਹੀ ਪਈ ਸੀ। ਉਸਨੇ ਝਟਕਾ ਮਾਰਿਆ ਅਤੇ ਆਪਣੇ ਆਪ ਨੂੰ ਸੰਤੂ ਤੋਂ ਛੁਡਾ ਕੇ ਦਾਤੀ ਚੁੱਕੀ ਪਰੰਤੂ ਸੰਤੂ ਨੇ ਆਪਣੇ ਝੂਠੇ ਪਿਆਰ ਦਾ ਵਾਸਤਾ ਪਾਇਆ। ਜਿੰਦੋ ਦੀ ਮਿੰਨਤ ਕਰਦਾ ਕਰਦਾ ਬਾਹਰ ਨਿਕਲ ਗਿਆ। ਪਰ ਚਿੰਤੋ ਕਰ ਵੀ ਕੀ ਸਕਦੀ ਸੀ। ਉਸ ਕੋਲ ਕੁੜੀ ਦੇ ਵਿਆਹ ਲਈ ਰਖਿਆ ਵੀ ਕੀ ਪਿਆ ਸੀ। ਜੋ ਕੁਝ ਵੀ ਕੋਲ ਸੀ ਉਹ ਜਿੰਦੋ ਦੇ ਬਾਪੂ ਦੀ ਬੀਮਾਰੀ ਦੀ ਭੇਟ ਚੜ੍ਹ ਗਿਆ ਸੀ।

ਜਿੰਦੋ ਨੇ ਅੱਖਾਂ ਖੋਲ੍ਹੀਆਂ, ਰਜ਼ਾਈ ਪਰ੍ਹੇ ਕਰਦੀ ਹੋਈ ਬੋਲੀ, 'ਬੇਬੇ !' ਚਿੰਤੋ ਦੀਆਂ ਅੱਖਾਂ ਵਿਚੋਂ ਬਦੋ ਬਦੀ ਦੋ ਮੋਤੀ ਵਹਿ ਤੁਰੇ ਅਤੇ ਉਹ ਬੜੇ ਪਿਆਰ ਨਾਲ ਬੋਲੀ, 'ਜਾਹ ਮੇਰੀ ਰਾਣੀ, ਉਹ ਉਡੀਕਦੇ ਹੋਣਗੇ।

ਏਨੇ ਨੂੰ ਮੰਗਤੂ ਵੀ ਉਠ ਖਲੋਇਆ। ਰਜ਼ਾਈ ਨੂੰ ਪਰ੍ਹੇ ਸਿਟਦਾ ਹੋਇਆ ਅਤੇ ਅੱਖਾਂ ਮਲਦਾ ਹੋਇਆ ਬਾਹਰ ਨੂੰ ਤੁਰ ਪਿਆ। ਜਿੰਦੋ ਨੇ ਆਵਾਜ਼ ਮਾਰੀ, 'ਵੇ ਮੰਗਤਿਆ, ਵੇ ਸਿਰ ਤੇ ਕੁਝ ਬੰਨ੍ਹ ਲੈ—ਵੇ ਉਦਾਲੇ ਨੂੰ ਕੁਝ ਲੈ ਲੈ, ਆਹ ਲੈ ਫੜ ਖੇਸੀ। ਕਿਤੇ ਠੰਡ ਨਾ ਲਗ ਜਾਵੇ। ਬਾਹਰ ਤਾਂ ਕੱਕਰ ਪੈਂਦਾ। ਹੱਥ ਬਾਹਰ ਨਹੀਂ ਨਿਕਲਦਾ।'

ਮੰਗਤੂ ਬਿਨਾ ਬੋਲਿਆਂ ਮੁੜਿਆ ਅਤੇ ਸਿਰ ਤੇ ਪਰਨਾ ਲਪੇਟਿਆ ਅਤੇ ਖੇਸੀ ਦੀ ਬੁੱਕਲ ਮਾਰੀ, ਹੱਥ ਵਿਚ ਸੋਟੀ ਫੜੀ ਤੇ ਬਾਹਰ ਨੂੰ ਤੁਰਨ ਲੱਗਾ ਬੋਲਿਆ, 'ਪਤਾ ਨਹੀਂ ਇਹਨਾਂ ਡੰਗਰਾਂ ਤੋਂ ਕਦੋਂ ਖਲਾਸੀ ਹੋਊ।' ਜਿੰਦੋ ਵੀ ਸਿਰ ਤੇ ਖੱਦਰ ਦੀ ਪਾਟੀ ਹੋਈ ਚੁੰਨੀ ਲੈਂਦੀ ਹੋਈ ਬਾਹਰ ਨੂੰ ਤੁਰ ਪਈ ਅਤੇ ਚਿੰਤੋ ਦੀਆਂ ਅੱਖਾਂ ਬੂਹੇ ਤੇ ਜਾ ਟਿਕੀਆਂ।

੦

ਕਹਾਣੀ—

## ਫੌਜ ਵਾਲਾ ਕਪਤਾਨ

—ਰਿਪੁਦਮਨ ਸਿੰਘ ਰੂਪ

ਸੁਖਵਿੰਦਰ ਸਿੰਘ ਉੱਨੀ ਸੌ ਚੌਂਹਠ ਵਿਚ ਜੇ.ਬੀ.ਟੀ. ਅਧਿਆਪਕ ਦੀ ਨੌਕਰੀ ਛੱਡ ਕੇ, ਐਮਰ-ਜੈਂਸੀ ਲੱਗਣ ਕਾਰਣ ਫੌਜ ਵਿਚ ਲਫਟੈਨ ਭਰਤੀ ਹੋ ਗਿਆ ਸੀ। ਚੰਗਾ ਲੰਮਾ ਝੰਮਾ, ਸੁਹਣਾ ਸੁਨੱਖਾ ਡੀਲ ਡੌਲ ਵਾਲਾ ਜੁਆਨ ਸੀ। ਜੇ. ਬੀ. ਟੀ. ਅਧਿਆਪਕ ਵਜੋਂ ਕੰਮ ਕਰਦਿਆਂ ਕਰਦਿਆਂ ਉਸ ਨੇ ਪ੍ਰਾਈਵੇਟ ਬੀ. ਏ. ਪਾਸ ਕਰ ਲਈ ਸੀ। ਤੇ ਫੇਰ ਬੀ. ਐੱਡ. ਵੀ ਕਰ ਆਇਆ ਸੀ। ਜਿਸ ਵੇਲੇ ਸੁਖਮਿੰਦਰ ਸਿੰਘ ਫੌਜ ਵਿਚ ਭਰਤੀ ਹੋਇਆ ਸੀ ਉਸ ਵੇਲੇ ਉਹ ਬੀ. ਐੱਡ. ਦੀ ਪੋਸਟ ਉਤੇ ਕੱਚੇ ਤੌਰ ਤੇ ਕੰਮ ਕਰ ਰਿਹਾ ਸੀ।

ਫੌਜ ਵਿਚ ਲਫਟੈਨੀ ਉਸ ਨੂੰ ਐਵੇਂ ਨਹੀਂ ਸੀ ਮਿਲੀ, ਬੜੀਆਂ ਸਿਫ਼ਾਰਸ਼ਾਂ ਨਾਲ ਮਿਲੀ ਸੀ। ਉਸ ਦੇ ਪਿਤਾ ਨੇ ਸੌ ਤਰਲੇ ਕੀਤੇ ਸਨ, ਸੌ ਪਾਪੜ ਵੇਲੇ ਸਨ। ਉਹ ਫੌਜ ਦਾ ਕਿਹੜਾ ਅਫਸਰ ਸੀ ਜਿਸ ਦੀਆਂ ਉਸ ਨੇ ਜੇਬਾਂ ਨਹੀਂ ਸਨ ਭਰੀਆਂ ? ਮਿੰਨਤਾਂ ਨਹੀਂ ਸਨ ਕੀਤੀਆਂ। ਗੋਡੀਂ ਹੱਥ ਨਹੀਂ ਸਨ ਲਾਏ ? ਅਖੀਰ ਉਸ ਦਾ ਪਿਤਾ ਆਪਣੇ ਪੁੱਤਰ ਨੂੰ ਲੈਫਟੀਨੈਂਟ ਭਰਤੀ ਕਰਵਾਉਣ ਵਿਚ ਸਫਲ ਹੋ ਗਿਆ ਸੀ।

ਸੁਖਮਿੰਦਰ ਸਿੰਘ ਲਫਟੈਨ ਭਰਤੀ ਹੋਇਆ ਸੀ ਅਤੇ ਤਰੱਕੀ ਕਰਕੇ ਕਪਤਾਨ ਬਣ ਗਿਆ ਸੀ। ਰਿਸ਼ਤੇਦਾਰਾਂ ਵਿਚ, ਦੋਸਤਾਂ ਮਿੱਤਰਾਂ ਵਿਚ ਉਸ ਦੀ ਕਾਬਲੀਅਤ ਦੀ ਧਾਕ ਪੈ ਗਈ ਸੀ। ਹੁਣ ਜਦੋਂ ਉਹ ਛੁੱਟੀ ਆਉਂਦਾ, ਉਸ ਦੀ ਚਾਲ ਢਾਲ ਨਿਰਾਲੀ ਹੁੰਦੀ। ਆਪਣੇ ਦੋਸਤਾਂ ਨੂੰ ਬਣ ਠਣ ਕੇ ਮਿਲਦਾ, ਨਿਰਾਲੇ ਸਲੀਕੇ ਨਾਲ ਮਿਲਦਾ। ਜਦੋਂ ਉਸ ਦੇ ਦੋਸਤ ਉਸਦੀ ਛੁੱਟੀ ਆਉਣ ਉਪਰੰਤ, ਉਸ ਨੂੰ ਮਿਲਣ ਆਉਂਦੇ ਤਾਂ ਉਹ ਦਸ ਦਸ ਪੰਦਰਾਂ ਪੰਦਰਾਂ ਮਿੰਟ ਅੰਦਰ ਤਿਆਰ ਹੁੰਦਾ ਰਹਿੰਦਾ ਤਾਂ ਫੇਰ ਕਿਤੇ ਜਾ ਕੇ ਬਾਂਕੀ ਸ਼ਕਲ ਵਿਚ ਬਣ ਠਣ ਕੇ ਤਖ਼ਤੇ ਖੋਲ੍ਹਦਾ। ਦੋਸਤਾਂ ਨਾਲ ਚਾਹ ਪੀਂਦਾ ਤਾਂ ਬੜੇ ਸਲੀਕੇ ਨਾਲ। ਮਸਾਂ ਇਕ ਕੱਪ ਚਾਹ ਪੀਂਦਾ। ਉਹਦੇ ਵਿਚੋਂ ਵੀ ਛੱਡ ਦਿੰਦਾ। ਸਮੋਸੇ ਜਾਂ ਬਰਫੀ ਨੂੰ ਉਹ ਇਸ ਤਰ੍ਹਾਂ ਛੋਂਹਦਾ ਜਿਵੇਂ ਜੂਠੀ ਹੀ ਕਰਨੀ ਹੁੰਦੀ ਹੈ। ਬੱਸ ਆਪਣੇ ਦੋਸਤਾਂ ਦੇ ਖਾਣ ਜੋਗੀ ਕਰਨ ਲਈ।

ਤੇ ਫੇਰ ਉਹ ਆਪਣੀਆਂ ਫੌਜਾਂ ਦੀਆਂ ਗੱਲਾਂ ਕਰਦਾ। ਡਿਸਪਲਨ ਦੀਆਂ ਗੱਲਾਂ ਕਰਦਾ ਐਸ਼ ਦੀਆਂ ਗੱਲਾਂ ਕਰਦਾ। ਸ਼ਰਾਬ ਦੀਆਂ ਗੱਲਾਂ ਕਰਦਾ। ਤੀਵੀਆਂ ਦੀਆਂ ਗੱਲਾਂ ਕਰਦਾ। ਫੌਜ ਵਿਚ ਸ਼ਰਾਬ ਕਿੰਨੀ ਸਸਤੀ ਹੁੰਦੀ ਹੈ ਅਤੇ ਸੁੰਦਰ ਤੀਵੀਆਂ ਦੇ ਨੇੜੇ ਰਹਿਣਾ ਕਿੰਨਾ ਸੌਖਾ ਹੁੰਦਾ ਹੈ।

ਪਰ ਭਾਣਾ ਐਸਾ ਵਰਤਿਆ ਕਿ ਹੁਣ ਫੌਜ ਵਿਚ ਉਸਦੀ ਲੋੜ ਨਾ ਰਹੀ। ਐਮਰਜੇਂਸੀ ਖਤਮ ਸੀ ਅਤੇ ਪਾਕਿਸਤਾਨ ਵਲੋਂ ਅਮਨ ਸੀ ਅਤੇ ਉਹ ਛਾਂਟੀ ਵਿਚ ਵਾਪਸ ਘਰ ਪਰਤ ਆਇਆ।

ਘਰ ਕੀ ਪਰਤ ਆਇਆ ? ਉਸ ਦੇ ਲਈ ਬਿਪਤਾਵਾਂ ਦੇ ਬੱਦਲ ਉਮੱਡ ਆਏ। ਉਸ ਨੂੰ ਚਾਰੇ ਪਾਸੇ ਹਨੇਰ ਦਿਸ ਰਿਹਾ ਸੀ। ਕਿਥੇ ਨੌ ਸੌ ਰੁਪਿਆ ਤਨਖਾਹ ਤੇ ਕਿਥੇ ਬੇਰੁਜ਼ਗਾਰੀ। ਕਿੱਥੇ ਠਾਠ ਬਾਠ ਤੇ ਦੋਸਤਾਂ ਮਿੱਤ੍ਰਾਂ ਤੇ ਰਿਸ਼ਤੇਦਾਰਾਂ ਵਿਚ ਸ਼ਾਨ ਤੇ ਕਿੱਥੇ ਨਿਰਾਸ਼ਾ ਹੀ ਨਿਰਾਸ਼ਾ। ਉਸ ਨੂੰ ਆਪਣੇ ਦੋਸਤਾਂ ਤੇ ਰਿਸ਼ਤੇਦਾਰਾਂ ਦੀਆਂ ਅੱਖਾਂ ਬਦਲੀਆਂ ਜਾਪੀਆਂ। ਜਿਵੇਂ ਉਸਨੂੰ ਸਾਰੇ ਨਿਕੰਮਾ ਤੇ ਨਿਪੁੰਸਕ ਖਿਆਲ ਕਰਦੇ ਹੋਣ।

ਉਸ ਨੇ ਵਾਪਸ ਆ ਕੇ ਕੋਈ ਕੰਮ ਕਰਨਾ ਚਾਹਿਆ। ਆਪਣੇ ਵਡੇ ਭਰਾ ਨਾਲ ਦਿੱਲੀ ਸਪੇਅਰ ਪਾਰਟਸ ਦੀ ਦੁਕਾਨ ਵਿਚ ਹਿੱਸਾ ਪਾਉਣਾ ਚਾਹਿਆ, ਪਰ ਉਹ ਦੋ ਮਹੀਨੇ ਆਪਣੇ ਭਰਾ ਕੋਲ ਬੈਠ ਕੇ, ਥੱਕ ਹਾਰ ਕੇ ਅਤੇ ਲੜ ਲੜਾਕੇ ਵਾਪਸ ਮੁੜ ਆਇਆ। ਉਸ ਦਾ ਭਰਾ ਉਸਨੂੰ ਕੋਈ ਆਈ ਗਈ ਨਹੀਂ ਸੀ ਦਿੰਦਾ। ਨਾ ਹਿੱਸਾ ਪਾਉਂਦਾ ਸੀ, ਨਾ ਕੋਰਾ ਜੁਆਬ ਦਿੰਦਾ ਸੀ। ਅਜ ਕਲ ਕਹੀ ਜਾਂਦਾ ਸੀ। ਹਿਸੇ ਦੀ ਬਜਾਏ ਆਪਣੇ ਕੋਲ ਨੌਕਰੀ ਕਰਨ ਦੇ ਇਸ਼ਾਰੇ ਸੁੱਟਦਾ ਸੀ। ਬੜਾ ਹੁਸ਼ਿਆਰ ਸੀ। ਉਸ ਨੇ ਤਾਂ ਕਦੇ ਆਪਣੇ ਬਾਪ ਨੂੰ ਵੀ ਨਵਾਂ ਪੈਸਾ ਨਹੀਂ ਸੀ ਦਿੱਤਾ।

ਸੁਖਮਿੰਦਰ ਸਿੰਘ ਬਹੁਤ ਪ੍ਰੇਸ਼ਾਨ ਸੀ। ਜਦੋਂ ਉਹ ਕਪਤਾਨ ਸੀ ਤੇ ਉਸ ਕੋਲ ਪੈਸੇ ਸਨ, ਤਾਂ ਹਰ ਇਕ ਰਿਸ਼ਤੇਦਾਰ ਤੇ ਦੋਸਤ ਮਿੱਤਰ ਨੇ ਉਸ ਅਗੇ ਹੱਥ ਅੱਡੇ ਸਨ। ਉਸ ਦੇ ਭਰਾ ਨੇ ਹੀ ਉਸ ਕੋਲੋਂ ਤਿੰਨ ਹਜ਼ਾਰ ਰੁਪਿਆ ਉਧਾਰ ਲਿਆ ਸੀ ਜੋ ਅਜੇ ਤਕ ਉਸ ਕੋਲੋਂ ਨਹੀਂ ਸੀ ਮੋੜਿਆ ਗਿਆ। ਪਰ ਅੱਜ ਉਸਦਾ ਕੋਈ ਲਾਗੂ ਨਹੀਂ ਸੀ। ਅਖੀਰ ਉਸ ਨੂੰ ਫਿਰ ਫਿਰਾ ਕੇ ਅਧਿਆਪਕ ਦੀ ਨੌਕਰੀ ਮਿਲ ਗਈ। ਉਸ ਨੇ ਸਭ ਖਹਿੜੇ ਛੱਡ ਦਿਤੇ ਅਤੇ ਚੁੱਪ ਕਰਕੇ ਦੁਬਾਰਾ ਅਧਿਆਪਕ ਬਣ ਗਿਆ। ਉਸ ਨੂੰ ਬੀ. ਐਡ. ਦਾ ਗਰੇਡ ਮਿਲ ਗਿਆ ਸੀ। ਐਨਾ ਚੰਗਾ ਹੋਇਆ ਸੀ ਕਿ ਇਹ ਗਰੇਡ ਉਸ ਨੂੰ ਉੱਨੀ ਸੌ ਚੌਹਠ ਤੋਂ ਮਿਲ ਗਿਆ ਸੀ ਅਤੇ ਉਸ ਨੂੰ ਇਹਨਾਂ ਸਾਲਾਂ ਦੀਆਂ ਤਰੱਕੀਆਂ ਵੀ ਮਿਲ ਗਈਆਂ ਸਨ।

ਇਹ ਅਧਿਆਪਕ ਦਾ ਕੰਮ ਕੀ ਸੀ ? ਬੱਸ ਧੰਦ ਪਿੱਟਣਾ ਹੀ ਸੀ। ਉਸ ਦਾ ਇਸ ਕੰਮ ਵਿਚ ਦਿਲ ਨਹੀਂ ਸੀ ਲਗ ਰਿਹਾ। ਨਾਲੇ ਕਿੱਥੇ ਨੌ ਸੌ ਰੁਪਿਆ ਤਨਖਾਹ ਤੇ ਕਿੱਥੇ ਚਾਰ ਸੌ। ਕਿਥੇ ਉਹ ਕਪਤਾਨੀ ਦੀ ਸ਼ਾਨ ਤੇ ਕਿੱਥੇ ਇਹ ਮਾਸਟਰੀ। ਕੁਦਰਤੀ ਉਸ ਨੂੰ ਇਕ ਮਿਡਲ ਸਕੂਲ ਦਾ ਹੈਡਮਾਸਟਰ ਬਣਨਾ ਪੈ ਗਿਆ ਸੀ। ਸਕੂਲ ਦੇ ਅਧਿਆਪਕ ਉਸ ਦੇ ਹਾਕਮਾਨਾ ਲਹਿਜੇ ਕਾਰਣ ਉਸ ਦਾ ਮਜ਼ਾਕ ਉਡਾਉਂਦੇ ਅਤੇ ਕਹਿਣਾ ਘੱਟ ਹੀ ਮੰਨਦੇ ਸਨ। ਉਹ ਦੁਖੀ ਸੀ ਕਿ ਫੌਜ ਵਿਚ ਜਵਾਨਾਂ ਵਾਂਗ ਇਹ ਅਧਿਆਪਕ ਉਸ ਦਾ

ਹੁਕਮ ਕਿਉਂ ਨਹੀਂ ਮੰਨਦੇ ?

ਹੁਣ ਉਸ ਦੇ ਅਧਿਆਪਕ ਦੋਸਤ ਪੜ੍ਹਾਈ ਵਿਚ ਵੀ ਉਸ ਤੋਂ ਅਗੇ ਲੰਘ ਗਏ ਸਨ। ਐਮ. ਏ., ਐਮ. ਏ. ਸਨ। ਕੋਈ ਡਬਲ ਐਮ. ਏ.। ਕੋਈ ਤ੍ਰਿਪਲ ਐਮ. ਏ.। ਕੋਈ ਐਮ. ਐਡ. ਕਰ ਰਿਹਾ ਸੀ ਤੇ ਕੋਈ ਪੀ. ਐਚ. ਡੀ.। ਉਸ ਦਾ ਇਹ ਸੰਸਾਰ ਹੀ ਬਦਲ ਗਿਆ ਸੀ। ਨਾ ਕੋਈ ਬੀ. ਡੀ. ਓ. ਤੋਂ ਡਰੇ ਅਤੇ ਨਾ ਕੋਈ ਡੀ. ਈ. ਓ. ਤੋਂ। ਨਿੱਤ ਦਿਹਾੜੀ ਜਲਸੇ ਜਲੂਸ। ਤੇ ਵਜ਼ੀਰਾਂ ਅਤੇ ਸਰਕਾਰ ਦੇ ਵਿਰੁਧ ਤਕਰੀਰਾਂ। ਬੀ. ਡੀ. ਓ. ਤੇ ਡੀ. ਈ. ਓ. ਤਾਂ ਕਿਹੜੇ ਬਾਗ ਦੀ ਮੂਲੀ ਸਨ। ਉਹ ਹੈਰਾਨ ਸੀ ਪ੍ਰੇਸ਼ਾਨ ਸੀ। ਇਹ ਸਭ ਕੁਝ ਕੀ ਸੀ ? ਕੀ ਇਹ ਡਿਸਿਪਲਨ ਸੀ ?

ਪਰ ਉਸ ਦਾ ਕਸੂਰ ਕੀ ਸੀ ? ਜਿਸ ਵੇਲੇ ਉਹ ਫੌਜ ਵਿਚ ਭਰਤੀ ਹੋਇਆ ਸੀ ਤਾਂ ਮੁਲਾਜ਼ਮਾਂ ਵਲੋਂ ਕੋਈ ਵਡੇ ਸੰਘਰਸ਼ ਨਹੀਂ ਸਨ ਲੜੇ ਗਏ। ਬੱਸ ਅਧਿਆਪਕ ਯੂਨੀਅਨਾਂ ਸਨ ਜੋ ਥੋੜ੍ਹਾ ਬਹੁਤ ਲੜਦੀਆਂ ਰਹਿੰਦੀਆਂ ਸਨ। ਆਮ ਅਧਿਆਪਕ ਤਾਂ ਯੂਨੀਅਨਾਂ ਦਾ ਮੈਂਬਰ ਬਣਨੋਂ ਡਰਦਾ ਸੀ। ਮਤੇ ਕਿਤੇ ਨੌਕਰੀਓਂ ਕਢਿਆ ਜਾਏ। ਪਰ ਉਸ ਦੇ ਭਰਤੀ ਹੋਣ ਪਿਛੋਂ ਸਰਕਾਰੀ ਕਰਮਚਾਰੀਆਂ ਦੀਆਂ ਦੋ ਵਡੀਆਂ ਹੜਤਾਲਾਂ ਹੋਈਆ ਜਿਨ੍ਹਾਂ ਨੇ ਭਾਰਤ ਦੇ ਬਾਕੀ ਮੁਲਾਜ਼ਮਾਂ ਨੂੰ ਵੀ ਅਗਵਾਈ ਦਿਤੀ। ਪਰ ਉਹ ਇਨ੍ਹਾਂ ਬਾਰੇ ਖ਼ਬਰਾਂ ਰਾਹੀਂ ਹੀ ਜਾਣਦਾ ਸੀ ਜਾਂ ਸੁਣਦਾ ਸੁਣਾਉਂਦਾ ਸੀ। ਉਸ ਨੂੰ ਇਨ੍ਹਾਂ ਦਾ ਕੋਈ ਸਿੱਧਾ ਅਨੁਭਵ ਨਹੀਂ ਸੀ।

ਉਸ ਨੂੰ ਫੌਜ ਦਾ ਤੇ ਸਿਵਲ ਦਾ ਫਰਕ ਇਦਾਂ ਲਗਦਾ ਜਿਵੇਂ ਪਾਕਿਸਤਾਨ ਦੀ ਡਿਕਟੇਟਰ ਸ਼ਿਪ ਅਗੇ ਭਾਰਤ ਦੀ ਜਮਹੂਰੀਅਤ ਹੋਵੇ। ਇਕ ਪਾਸੇ ਪਾਬੰਦੀਆਂ ਤੇ ਇਕ ਪਾਸੇ ਖੁੱਲ੍ਹਾਂ। ਪਰ ਉਹ ਇਸ ਖੁਲ੍ਹ ਨੂੰ ਮਹਿਸੂਸ ਕਰਨੋਂ ਅਸਮਰਥ ਸੀ। ਉਸ ਦੀ ਹਾਲਤ ਉਸ ਬੰਦੇ ਵਾਂਗ ਸੀ ਜਿਸ ਨੂੰ ਦਸ ਸਾਲ ਹਨੇਰੀ ਕੋਠਰੀ ਵਿਚ ਰਖਣ ਮਗਰੋਂ ਇਕ ਵਾਰ ਸਿਖਰ ਦੁਪਹਿਰੇ ਬਾਹਰ ਕੱਢ ਲਿਆ ਜਾਵੇ।

ਪਰ ਇਸ ਸਿਖਰ ਦੁਪਹਿਰੇ ਤੇ ਬਾਹਰਲੀ ਹਵਾ ਵਿਚ ਉਸ ਦਾ ਸਾਹ ਘੁਟ ਰਿਹਾ ਸੀ, ਜਿਵੇਂ ਚਿੱਟੀ ਧੁੱਪ ਉਸ ਨੂੰ ਚੂੰਢੀਆਂ ਵੱਢ ਰਹੀ ਹੋਵੇ।

ਖੈਰ ਜਿਵੇਂ ਕਿਵੇਂ ਉਹ ਆਪਣਾ ਕੰਮ ਕਰੀ ਜਾਂਦਾ ਸੀ। ਉਹ ਆਪਣੇ ਆਪ ਨੂੰ ਇਸ ਮਾਹੌਲ ਦੇ ਅਨੁਕੂਲ ਢਾਲਦਾ ਜਾ ਰਿਹਾ ਸੀ।

ਹੁਣ ਉਸਨੇ ਆਪਣੀ ਪਤਨੀ ਨੂੰ ਸਿਲਾਈ ਦਾ ਕੋਰਸ ਕਰਵਾਉਣਾ ਸ਼ੁਰੂ ਕਰ ਦਿਤਾ ਸੀ। ਉਹ ਵੀ ਉਸ ਨੂੰ ਆਪਣੇ ਦੋਸਤਾਂ ਦੀਆਂ ਪਤਨੀਆਂ ਵਾਂਗ ਅਧਿਆਪਕਾ ਬਣਾਵੇਗਾ। ਉਸ ਨੇ ਆਪਣੇ ਵਡੇ ਲੜਕੇ ਨੂੰ ਸਹੁਰੀਂ ਛਡ ਦਿਤਾ ਸੀ। ਤੇ ਛੋਟੇ ਨੂੰ ਆਪਣੇ ਕੋਲ ਜੋ ਦੇਡ ਕੁ ਸਾਲ ਦਾ ਸੀ ਤੇ ਉਸ ਦੀ ਪਤਨੀ ਚੰਡੀਗੜ੍ਹ ਕੋਰਸ ਕਰਦੀ ਸੀ। ਉਹ ਬੜੀ ਮਿਹਨਤ ਨਾਲ ਇਸ ਮਾਹੌਲ ਵਿਚ ਢਲਦਾ ਜਾ ਰਿਹਾ ਸੀ। ਉਸ ਨੇ ਆਪਣਾ ਸਕੂਟਰ ਵੇਚ ਦਿਤਾ ਸੀ। ਉਹ ਸਮਝਦਾ ਸੀ ਇਹਨਾਂ ਫੋਕੀਆਂ ਸ਼ਾਨਾਂ ਵਿਚ ਕੀ ਪਿਆ ਹੈ।

ਪਰ ਕਦੇ ਕਦੇ ਉਸ ਦੇ ਦਿਲ 'ਚ ਇਕ ਹੂਕ ਨਿਕਲਦੀ। ਇਕ ਧਾਹ ਨਿਕਲਦੀ। ਕਿਸੇ ਸਮੇਂ ਉਹ ਠਾਠ ਨਾਲ ਆਪਣੀ ਲੰਮੀ ਗੋਰੀ ਸੁੰਦਰ ਪਤਨੀ ਨਾਲ ਕਸ਼ਮੀਰ ਦੇ ਬਾਗਾਂ ਵਿਚ ਸੈਰ ਕਰਿਆ ਕਰਦਾ ਸੀ। ਪਹਿਲਗਾਮ ਦੀ ਵਾਦੀ ਵਿਚ ਤੇ ਵੈਰੀਨਾਗ ਦੇ ਕੰਢੇ ਉਸਨੂੰ ਗਲਵਕੜੀ ਵਿਚ ਲੈ ਕੇ ਝੂਮਦਾ ਸੀ। ਤੇ ਕਈ ਵਾਰ ਸ਼ਰਾਬ ਦੇ ਨਸ਼ੇ ਵਿਚ ਦੋਵੇਂ ਸਾਰੀ ਸਾਰੀ ਰਾਤ ਪਿਆਰ ਕਰਦੇ ਰਹਿੰਦੇ ਹਨ। ਪਰ ਅੱਜ ! ਉਸ ਦਾ ਸਾਰਾ ਪਰਵਾਰ ਖਿੰਡਿਆ ਪੁੰਡਿਆ ਪਿਆ ਸੀ। ਪੁੱਤ੍ਰ ਕਿਤੇ ਸੀ, ਪਤਨੀ ਕਿਤੇ, ਤੇ ਆਪ ਕਿਤੇ।

ਮਸੀਂ ਅਜੇ ਉਸ ਨੂੰ ਫੌਜ ਵਿਚੋਂ ਆਇਆਂ ਇਕ ਸਾਲ ਹੋਇਆ ਸੀ। ਇਕੱਹਤਰ ਦੀ ਦੀਵਾਲੀ ਦੇ ਦਿਨ ਸਨ ਜਦੋਂ ਕਿ ਉਸ ਦੀ ਜ਼ਿੰਦਗੀ ਦੀ ਕਾਲੀ ਬੋਲੀ ਰਾਤ ਉਤੇ ਪੂਰਨਮਾਸ਼ੀ ਦੇ ਚੰਨ ਚੜ੍ਹਨ ਦੀਆਂ ਆਸਾਂ ਉਜਾਗਰ ਹੋ ਰਹੀਆਂ ਸਨ। ਬੰਗਲਾ ਦੇਸ਼ ਦੀ ਸਮਸਿਆ ਭਾਰਤ ਦੀ ਆਪਣੀ ਸਮਸਿਆ ਬਣ ਗਈ ਸੀ। ਨੱਬੇ ਲੱਖ ਸ਼ਰਨਾਰਥੀ ਭਾਰਤ ਪਹੁੰਚ ਚੁਕੇ ਸਨ ਤੇ ਹਜ਼ਾਰਾਂ ਹਰ ਰੋਜ਼ ਆ ਰਹੇ ਸਨ। ਲੱਖਾਂ ਬੰਗਾਲੀ ਪਾਕਿਸਤਾਨ ਦੀਆਂ ਫੌਜਾਂ ਹਥੋਂ ਕਤਲ ਕੀਤੇ ਗਏ ਸਨ। ਸਾਰੀ ਦੁਨੀਆਂ ਵਿਚ ਹਾਹਾਕਾਰ ਸੀ। ਪਾਕਿਸਤਾਨ, ਅਮਰੀਕਾ ਤੇ ਚੀਨ ਦੀ ਸ਼ਹਿ ਉਤੇ ਲੜਾਈ ਛੇੜਨਾ ਚਾਹੁੰਦਾ ਸੀ। ਉਹ ਕਰਦਾ ਵੀ ਕੀ ? ਬੰਗਲਾ ਦੇਸ਼ ਉਸ ਦੇ ਹੱਥੋਂ ਜਾ ਰਿਹਾ ਸੀ। ਮਰਦਾ ਕੀ ਨਾ ਕਰਦਾ ? ਤੇ ਭਾਰਤ ਵੀ ਕੀ ਕਰਦਾ ? ਦੋ ਕ੍ਰੋੜ ਰੁਪਏ ਦਾ ਸ਼ਰਨਾਰਥੀਆਂ ਉਤੇ ਖ਼ਰਚ ਹੋ ਰਿਹਾ ਸੀ। ਯਹੀਆ ਖਾਂ ਦੀਆਂ, ਰੋਜ਼ ਰੋਜ਼ ਦੀਆਂ ਧਮਕੀਆਂ ਸੁਣਨ ਨਾਲੋਂ ਤਾਂ ਦੋ ਹੱਥ ਕਰ ਲੈਣੇ ਚੰਗੇ ਸਨ। ਇਕ ਪਾਸੇ ਤਾਂ ਕਜ਼ੀਆ ਮੁੱਕੂ ?

ਤੇ ਭਾਰਤ ਅਤੇ ਪਾਕਿਸਤਾਨ ਦੀਆਂ ਫੌਜਾਂ ਨੇ ਸਰਹੱਦਾਂ

ਉਤੇ ਮੋਰਚੇ ਮੱਲ ਲਏ ਸਨ। ਰੋਜ਼ ਅਖਬਾਰਾਂ ਲੜਾਈ ਲਗ ਸਕਣ ਦੀਆਂ ਖ਼ਬਰਾਂ ਨਾਲ ਭਰੀਆਂ ਹੁੰਦੀਆਂ ਸਨ।

ਤੇ ਸੁਖਮਿੰਦਰ ਸਿੰਘ ਹੁਣ ਕੀਹਦੇ ਲੈਣ ਦਾ ਸੀ। ਉਹਦੀ ਧਰਤੀ ਨਾਲ ਅੱਡੀ ਨਹੀਂ ਸੀ ਲਗਦੀ। ਉਸ ਨੂੰ ਹੁਣੇ ਹੁਣੇ ਫੌਜ ਦੇ ਕਮਾਂਡਰ ਵਲੋਂ ਖ਼ਤ ਆਇਆ ਸੀ ਜਿਸ ਵਿਚ ਕਮਾਂਡਰ ਨੇ ਉਸ ਬਾਰੇ ਪੂਰੀ ਵਾਕਫ਼ੀਅਤ ਮੰਗੀ ਸੀ ਕਿ ਉਹ ਹੁਣ ਕਿਥੇ ਹੈ ? ਕੀ ਕੰਮ ਕਰਦਾ ਹੈ ? ਜੇ ਵਿਹਲਾ ਹੈ ਤੇ ਕਿਸੇ ਨੌਕਰੀ ਦੀ ਲੋੜ ਹੈ ਤਾਂ ਆਰਮੀ ਉਸਦੀ ਸਹਾਇਤਾ ਕਰ ਸਕਦੀ ਹੈ ? ਇਸ ਬਾਰੇ ਸੁਖਮਿੰਦਰ ਸਿੰਘ ਕੋਲੋਂ ਤੁਰੰਤ ਉੱਤਰ ਮੰਗਿਆ ਗਿਆ ਸੀ। ਉਸ ਨੇ ਮਨ ਵਿਚ ਸੋਚਿਆ ਕਿ ਸਾਲੇ ਹੁਣ ਦੀ ਧੱਦੜੇ ਲਾਉਂਦੇ ਹਨ। ਜਦੋਂ ਭਣੋਈਏ ਦੀ ਲੋੜ ਪੈਂਦੀ ਹੈ ਤਾਂ ਨੇੜੇ ਨੇੜੇ ਵੱਛੇ ਬੰਨ੍ਹ ਰਹੇ ਹਨ।

ਇਕ ਦਿਨ ਫੌਜ ਦੀ ਨੌਕਰੀ ਬਾਰੇ ਸੁਖਮਿੰਦਰ ਸਿੰਘ ਦੀ ਇਕ ਅਧਿਆਪਕ ਨਾਲ ਬਹਿਸ ਛਿੜ ਪਈ। ਉਸ ਅਧਿਆਪਕ ਨੇ ਕਿਹਾ, 'ਸੁਖਮਿੰਦਰ ਸਿੰਘ, ਫੌਜ ਦੀ ਨੌਕਰੀ ਵੀ ਖ਼ਤਰੇ ਤੋਂ ਖਾਲੀ ਨਹੀਂ ਹੁੰਦੀ। ਸਦਾ ਜਾਨ ਦਾ ਡਰ ਰਹਿੰਦਾ ਹੈ।'

ਸੁਖਮਿੰਦਰ ਸਿੰਘ ਨੇ ਹੌਂਸਲੇ ਨਾਲ ਕਿਹਾ, 'ਨਹੀਂ, ਨਹੀਂ, ਜਿਥੇ ਬੰਦੇ ਨੇ ਮਰਨਾ ਹੈ ਉਥੇ ਹੀ ਮਰਨਾ ਹੈ।'

'ਤਾਂ ਕੀ ਬੰਗਲਾ ਦੇਸ਼ ਦੇ ਦਸ ਲੱਖ ਬੰਦਿਆਂ ਨੇ ਤਿੰਨਾ ਮਹੀਨਿਆਂ ਵਿਚ ਇਕੱਠਾ ਹੀ ਮਰਨਾ ਸੀ ? ਤੇ ਮਰਨਾ ਵੀ ਯਹੀਆ ਖ਼ਾਂ ਦੀਆਂ ਫੌਜਾਂ ਹੱਥੋਂ ਸੀ ?' ਉਸ ਅਧਿਆਪਕ ਨੇ ਦਲੀਲ ਦਿਤੀ।

'ਹਾਂ ਹਾਂ ਕਿਉਂ ਨਹੀਂ ? ਉਹਨਾਂ ਨੇ ਇਸੇ ਤਰ੍ਹਾਂ ਮਰਨਾ ਸੀ।' ਸੁਖਮਿੰਦਰ ਸਿੰਘ ਦ੍ਰਿੜ੍ਹਤਾ ਨਾਲ ਕਹਿ ਰਿਹਾ ਸੀ।

ਜਿਉਂ ਜਿਉਂ ਜੰਗ ਨੇੜੇ ਆਉਂਦੀ ਦਿਸਦੀ, ਸੁਖਮਿੰਦਰ ਸਿੰਘ ਦੀ ਤਬੀਅਤ ਠੀਕ ਹੁੰਦੀ ਜਾਂਦੀ ਸੀ। ਉਹ ਖੁਸ਼ ਸੀ ਕਿ ਸ਼ਾਇਦ ਸਕੂਲ ਦੀ ਖ਼ਚ ਖ਼ਚ ਤੋਂ ਉਸਦਾ ਖਹਿੜਾ ਛੁੱਟ ਜਾਵੇ। ਕਪਤਾਨ ਦੀ ਤਨਖਾਹ ਹੁਣ ਗਿਆਰਾਂ ਸੌ ਦੇ ਨੇੜੇ ਸੀ ਤੇ ਜੰਗ ਦੇ ਅਲਾਊਂਸ ਪਾ ਕੇ ਉਸ ਨੇ ਡੇਢ ਹਜ਼ਾਰ ਦੇ ਨੇੜੇ ਢੁੱਕਣਾ ਸੀ ਤੇ ਠਾਠ ਬਾਠ ਵੱਖਰਾ। ਹੁਣ ਉਹ ਖੁਸ਼ ਸੀ। ਸ਼ਹਿਰ ਦੇ ਬਾਜ਼ਾਰਾਂ ਵਿਚ ਆਪਣੇ ਦੋਸਤਾਂ ਨਾਲ ਛਾਤੀ ਤਾਣ ਕੇ ਤੁਰਦਾ ਸੀ। ਆਪਣੇ ਬੱਚੇ ਨੂੰ ਡੂੰਘੇ ਦਿਲ ਨਾਲ ਪਿਆਰ ਕਰਦਾ ਸੀ। ਆਪਣੀ ਪਤਨੀ ਦੀ ਯਾਦ ਵਿਚ ਨਸ਼ਿਆ ਜਾਂਦਾ ਸੀ। ਉਸਨੂੰ ਜ਼ਿੰਦਗੀ ਚੰਗੀ ਚੰਗੀ ਲਗਦੀ ਸੀ। ਉਹ ਕਿਸੇ ਨਾਲੋਂ ਘਟ ਨਹੀਂ ਸੀ।

ਜੰਗ ਐਨ ਸਿਰ ਤੇ ਆ ਚੁਕੀ ਸੀ। ਪਾਕਿਸਤਾਨ ਨੇ ਐਮਰਜੈਂਸੀ ਲਾਗੂ ਕਰ ਦਿਤੀ ਸੀ। ਭਾਰਤ ਕਰਨ ਵਾਲਾ ਸੀ। ਦੋਵਾਂ ਮੁਲਕਾਂ ਦੀਆਂ ਸਰਹੱਦਾਂ ਉਤੇ ਹਵਾਈ ਜਹਾਜ਼ਾਂ ਦੀਆਂ ਉਲੰਘਣਾਵਾਂ ਦੀਆਂ ਖਬਰਾਂ ਆ ਰਹੀਆਂ ਸਨ। ਤੇ ਮੁੱਠ ਭੇੜਾਂ ਵਿਚ ਦੋਵਾਂ ਪਾਸਿਆਂ ਦੇ ਸਿਪਾਹੀਆਂ ਦੇ ਮਰਨ ਦੀਆਂ। ਉਸ ਨੂੰ ਪੂਰਾ ਵਿਸ਼ਵਾਸ ਸੀ ਕਿ ਇਕ ਅੱਧ ਦਿਨ ਵਿਚ ਉਸ ਨੂੰ ਫੌਜ ਵਿਚ ਵਾਪਸ ਬੁਲਾਉਣ ਦੀ ਚਿੱਠੀ ਆ ਜਾਣੀ ਹੈ। ਸੁਖਮਿੰਦਰ ਸਿੰਘ ਅਨੋਖੇ ਵਿਸਮਾਦ ਵਿਚ ਗੜੂੰਦ ਸੀ।

ਤੇ ਉਹ ਸਕੂਲ ਵਿਚ ਇੰਦਾਂ ਫਿਰਦਾ ਜਿਵੇਂ ਫੌਜੀ ਵਰਦੀ ਵਿਚ ਮੋਢਿਆਂ ਉਤੇ ਲਗੇ ਫੀਤਿਆਂ ਵਾਲਾ ਕਪਤਾਨ ਫੌਜੀ ਵਾਰਡਾਂ ਵਿਚ ਫਿਰਦਾ ਹੋਵੇ ਤੇ ਅਧਿ-ਆਪਕਾਂ ਅਤੇ ਵਿਦਿਆਰਥੀਆਂ ਨਾਲ ਇਸ ਤਰ੍ਹਾਂ ਸਲੂਕ ਕਰਦਾ ਜਿਵੇਂ ਫੌਜ ਵਿਚਲਾ ਕੋਈ ਅਫਸਰ ਆਪਣੇ ਜੁਆਨਾਂ ਨਾਲ ਕਰਦਾ ਹੈ। ਜੁਆਨ ਜਿਨ੍ਹਾਂ ਨੂੰ ਹੁਕਮ ਅਦੂਲੀ ਬਦਲੇ ਪਿੱਠੂ ਲੱਗਣ ਦਾ ਸਦਾ ਡਰ ਰਹਿੰਦਾ ਹੈ।

ਹੁਣ ਉਸ ਵਿਚਲਾ ਘੱਟੀਆ-ਪਨ ਦਾ ਅਹਿਸਾਸ ਇਸ ਤਰ੍ਹਾਂ ਉਡ ਰਿਹਾ ਸੀ ਜਿਵੇਂ ਕੋਈ ਪੰਛੀ ਮਲਕੜੇ ਜਿਹੇ ਸ਼ਿਕਾਰੀ ਦੇ ਜਾਲ ਵਿਚੋਂ ਖਿਸ਼ਕ ਕੇ ਉੱਡ ਰਿਹਾ ਹੋਵੇ। ਸੁਖਮਿੰਦਰ ਸਿੰਘ ਖਿਆਲਾਂ ਖਿਆਲਾਂ ਵਿਚ ਦੁਬਾਰਾ ਫੇਰ ਫੌਜ ਦਾ ਕਪਤਾਨ ਬਣ ਕੇ ਮੋਰਚੇ ਉਤੇ ਜਾ ਰਿਹਾ ਹੁੰਦਾ।

ਉਸ ਦੀਆਂ ਅੱਖਾਂ ਅਗੇ ਸਿਰਫ ਡੇਢ ਹਜ਼ਾਰ ਰੁਪਿਆ, ਫੌਜੀ ਵਰਦੀ, ਮੋਢਿਆਂ ਉਤੇ ਫੀਤੇ ਅਤੇ ਕਪਤਾਨੀ ਦੀ ਸ਼ਾਨ ਘੁੰਮ ਰਹੀ ਸੀ ਅਤੇ ਉਹ ਇਸ ਗਲੋਂ ਬੇਖ਼ਬਰ ਸੀ ਕਿ ਜੰਗ ਦੋਵਾਂ ਦੇਸ਼ਾਂ ਦੇ ਲੋਕਾਂ ਲਈ ਭੈਜਲ ਹੁੰਦੀ ਹੈ ਅਤੇ ਦੁਸ਼ਮਨ ਦੀ ਗੋਲੀ ਉਸ ਦੀ ਛਾਤੀ ਨੂੰ ਵੀ ਪਾੜ ਕੇ ਪਾਰ ਹੋ ਸਕਦੀ ਹੈ।

■

## ਦੋ ਕਵਿਤਾਵਾਂ / ਅਜੀਤ ਕੁਮਾਰ 'ਨਾਜ਼'

ਅਜੇ ਤੇ ਬੁਤ ਹੀ ਬਣਾਇਆ ਹੈ ਤੇਰੇ ਆਸ਼ਕ ਨੇ
ਅਜੇ ਜਨੂਨ ਦੀ ਸਰਹੱਦ ਪਾਰ ਕਰਨੀ ਹੈ
ਅਜੇ ਨੇ ਹੋਰ ਜੁਦਾਈ ਦੀ ਰਾਤ ਦੇ ਸਾਏ
ਅਜੇ ਤੇ ਹਿਜਰ ਦੇ ਮਕਤਲ 'ਚੋਂ ਹੋ ਕੇ ਲੰਘਣਾ ਹੈ
ਮੇਰੇ ਕਬੀਲੇ ਨੇ ਕੰਡਿਆਂ ਦੇ ਤਾਜ ਪਾ ਪਾ ਕੇ
ਜਨੂੰ ਦੇ ਢੋਲ ਤੇ ਕਿੰਨੇ ਹੀ ਨਾਚ ਨੱਚਣੇ ਨੇ
ਅਜੇ ਤੇ ਦਰਦ ਦੇ ਕਿੰਨੇ ਹੀ ਦੀਪ ਜਗਣੇ ਨੇ
ਅਜੇ ਤੇ ਜੋਸ਼ ਦੇ ਕਿੰਨੇ ਮਸ਼ਾਲ ਬਲਣੇ ਨੇ
ਅਜੇ ਤੇ ਦਿਲ ਤੇ ਜਿਗਰ ਨੇ ਵੀ ਖ਼ੂਨ ਹੋਣਾ ਹੈ
ਅਜੇ ਤੇ "ਬਾਜ਼ੂਏ ਕਾਤਲ" ਨੂੰ ਆਜ਼ਮਾਣਾ ਹੈ
ਅਜੇ ਤੇ ਹੁਸਨ ਦੇ ਨੈਣਾਂ 'ਚੋਂ ਪਹੁ ਨੇ ਫੁਟਣਾ ਹੈ
ਅਜੇ ਤੇ ਬੁਤ ਹੀ ਬਣਾਇਆ ਹੈ ਤੇਰੇ ਆਸ਼ਕ ਨੇ
ਅਜੇ ਤੇ ਬੁਤ ਨੇ ਖ਼ੁਦਾ ਦਾ ਮਕਾਮ ਪਾਣਾ ਹੈ ।

o

ਭਗਤ ਸਿੰਘ ਦੇ ਬੁਤ ਦੇ ਚਾਰ ਚੁਫੇਰੇ
ਸੰਵਿਧਾਨ ਦੀਆਂ ਧਾਰਾਵਾਂ ਵਾਂਗ ਖ਼ੂਬਸੂਰਤ
ਲੋਹੇ ਦੀਆਂ ਸੁਲਾਖਾਂ ਹਨ ।

ਜੇ ਕਦੀ ਉਸ ਨੇ ਇਹ ਜੰਗਲਾ ਟੱਪਿਆ
ਤਾਂ ਉਸ ਨੂੰ ਕਾਲੇ ਕਾਨੂੰਨ ਅਧੀਨ
ਇੰਟੈਰੋਗੇਸ਼ਨ ਸੈਂਟਰ ਲੈ ਜਾਇਆ ਜਾਵੇਗਾ
ਅਤੇ ੧੯੯੫ ਤੀਕ ਰੀਮਾਂਡ ਲੈ ਲਿਆ ਜਾਵੇਗਾ
ਤੁਰਦੇ ਹੋਏ ਬੁਤ ਖ਼ਤਰਨਾਕ ਹੁੰਦੇ ਹਨ ।

o

## ਇਕ ਸ਼ਫ਼ਰ / ਪ੍ਰੋ. ਦਰਸ਼ਨ ਸਿੰਘ

(ਚੰਬੇ ਤੋਂ ਡਲਹੌਜ਼ੀ, ਬੱਸ ਵਿਚ)
ਚੰਬੇ ਦੀ ਵਾਦੀ ਵਿਚ
ਰਾਵੀ ਵਹੇ ਤੰਗ ਤੰਗ
ਚੰਬੇ ਦੀ ਵਾਦੀ ਵਿਚ
ਰਾਵੀ ਅਤੇ ਸੜਕ ਖਾਂਦੇ
ਇਕੋ ਜਹੇ ਵਲ ਵਿੰਗ
ਰਾਵੀ ਦੇ ਅੰਗ ਸੰਗ
ਸਫ਼ਰ ਮੇਰਾ ਲਚਕਦਾ
ਜਿਉਂ ਸਿਆਲਾਂ ਦੀ ਹੀਰ ਤੁਰੇ
ਜਿਉਂ ਰਾਵੀ ਦਾ ਨੀਰ ਤੁਰੇ ।
ਕੁਝ ਕੁ ਪਲ ਦੀ
ਹਿਚਕਚਾਦੀ ਵਫ਼ਾ ਪਿੱਛੋਂ
ਸੜਕ ਪਾਸੇ ਹੋ ਟੁਰੀ
ਬੱਸ ਦੀ ਮਜਬੂਰੀ ਵਿਚ
ਸੜਕ ਦੀ ਕਾਲੀ ਲੀਕ ਉੱਤੇ
ਸਫ਼ਰ ਮੇਰੇ ਜਿਸਮ ਦਾ
ਝੁਰਦਾ ਰਿਹਾ ।

ਪਰ ਰਾਵੀ ਵਾਂਗਰ ਅੱਥਰਾ
ਰਾਵੀ ਦੀ ਗੋਰ ਲੀਕ ਉੱਤੇ
ਸਫ਼ਰ ਮੇਰੀ ਰੂਹ ਦਾ
ਤੁਰਦਾ ਰਿਹਾ ।

ਛਮ-ਛਮ ਗਾਂਦੀ ਰਾਵੀ ਸੰਗ
ਗੁਣਗੁਣਾਂਦੀ
ਠੁਮਕ-ਠੁਮਕਦੀ ਰਾਵੀ ਸੰਗ
ਕਦਮ ਮਿਲਾਂਦੀ
(ਖ਼ੂਨ ਨਾਲ ਖਿੱਚੀ ਲਛਮਣ ਰੇਖਾ ਤੋਂ ਪਾਰ)
ਉਥੇ ਜਿੱਥੇ
ਬਲਰਾਜ ਦਾ ਪਿੰਡ ਵੱਸੇ
ਅਹਿਮਦ ਸਲੀਮ ਦਾ ਗੀਤ ਹੱਸੇ
ਉਥੇ ਜਿੱਥੇ
ਰਾਂਝੇ ਦਾ ਹਲ ਵੱਗੇ
ਹੀਰ ਦੀ ਹੇਕ ਲੱਗੇ
ਰਾਵੀ ਦੀ ਗੋਰੀ ਲੀਕ ਉੱਤੇ
ਸਫ਼ਰ ਮੇਰੀ ਰੂਹ ਦਾ ਤੁਰਦਾ ਰਿਹਾ
ਤੁਰਦਾ ਰਿਹਾ ।

ਝੋ ਰੇਰ
ਬੱਸ ਨੂੰ ਬਰੇਕ ਲੱਗਦੀ ਹੈ ।
ਸਰਹੱਦ ਤੇ ਬੈਠੀ ਸੰਗੀਨ
ਮੇਰੇ ਰਾਵੀ-ਸਫ਼ਰ ਦੇ
ਸੀਨੇ 'ਚ ਵੱਜਦੀ ਹੈ ।

o

## ਨੰਗੀ ਅੱਖ / ਬਲਬੀਰ ਆਤਸ਼

ਨੰਗੀ ਅੱਖ ਤੋਂ ਓਹਲੇ
ਕਦੇ ਨਾ ਤਖ਼ਤ ਰਹਿ ਸਕਦੇ,
ਕਦੇ ਨਾ ਤਾਜ ਰਹਿ ਸਕਦੇ ।
ਨੰਗੀ ਅੱਖ ਜਦ ਤੱਕੇ
ਤਾਂ ਹਿਟਲਰ ਮੌਤ ਖ਼ੁਦ ਮੰਗੇ
ਨੰਗੀ ਅੱਖ ਜਦ ਘੂਰੇ
ਮੁਗਲੀਆ ਸ਼ਲਤਨਤ ਕੰਬੇ ।

ਨੰਗੀ ਅੱਖ ਦੇ ਸੀਨੇ 'ਚ
ਖੌਲੇ ਤਪਸ਼ ਦਾ ਲਾਵਾ
ਨੰਗੀ ਅੱਖ ਦੀ ਪੁਤਲੀ
ਹੈ ਜਗਦੀ ਰੇਡੀਅਮ ਬਣਕੇ
ਨੰਗੀ ਅੱਖ ਤੋਂ ਉਹਲੇ
ਤੇਰੀ ਛਾਂ ਹੋ ਨਹੀਂ ਸਕਦੀ।
ਨੰਗੀ ਅੱਖ ਆਉਂਦੀ
ਹੈ ਨੰਗੀ ਸੜਕ ਦੇ ਉੱਤੇ,
ਤਾਂ ਕੁੰਗੜੀ ਮਾਰ ਕੇ ਬੈਠੇ
ਅਨੇਕਾਂ ਦਲਦਲੀ ਕੀੜੇ
ਉਸਦੇ ਨਾਲ ਹੋ ਟੁਰਦੇ।
ਛੇਕੇ ਧੁੱਪ ਦੇ ਪਿੰਡੇ
ਉਸਦੇ ਮਗਰ ਖੜੇ ਹੁੰਦੇ।
ਤੇ ਨੰਗੀ ਅੱਖ ਦੇ ਪਿਛੇ
ਭੈਸੀਆਂ ਤੇ ਗੈਂਤੀਆਂ
ਦੀ ਖੜਖੜਾਂਦੀ ਲਾਮ ਹੁਦੀ।
ਮਿੱਲ ਦੇ ਘੁੱਗੂ ਨੇ ਖਾਧੀ
ਨੀਂਦ ਦਾ ਹੁੰਦਾ ਜ਼ਨਾਜ਼ਾ
ਝੋਨੇ ਦੇ ਖੇਤਾਂ 'ਚ ਮੈਨੂੰ
ਮੁੜਕਿਆਂ ਦੀ ਬਾਸ਼ ਹੁੰਦੀ।
ਨੰਗੀ ਅੱਖ ਦੇ ਕੋਨਿਆਂ
'ਚ ਉੱਗੇ ਸਰਕੜੇ ਹੁੰਦੇ
ਨੰਗੀ ਅੱਖ ਜਦ ਟੁਰਦੀ
ਸੜਕ ਦੀ ਹਿਕ ਦੀ ਕੰਬਦੀ।
ਨੰਗੀ ਅੱਖ ਹੁਣ ਆਈ ਹੈ
ਨੰਗੀ ਸੜਕ ਦੇ ਉੱਤੇ
ਨੰਗੀ ਅੱਖ ਦੇ ਪਿੰਡੇ ਤੇ
ਉੱਗੀ ਰੋਹ ਦੀ ਕਾਹੀ
ਨੰਗੀ ਅੱਖ ਤੋਂ ਉਹਲੇ
ਤੇਰੀ ਛਾਂ ਹੋ ਨਹੀਂ ਸਕਦੀ।

o

## ਅਖੌਤੀ ਪੁਲਸ ਦੇ ਮੁਕਾਬਲੇ 'ਚ ਮਾਰੇ ਗਏ ਸ਼ਹੀਦਾਂ ਦੇ ਨਾਂ

—ਜਸਪਾਲ ਸਿੰਘ

ਡਗਮਗਾਂਦੀ ਰਾਤ ਵਿਚ,
ਲਟਲਟਾਕੇ ਜਗਮਗਾਕੇ,
ਧੂੜ ਕੇ ਚਾਨਣ ਚੁਫੇਰੇ,
ਬੁਝ ਗਏ ਦੋ ਦੀਵਿਆ।
ਜਦ ਯਾਦ ਤੇਰੀ ਦਾ ਕਦੇ,
ਹਿੱਕ ਵਿਚ ਚਿਰਾਗ ਬਲਦਾ,
ਤੇਰਾ ਮੁਸਕਰਾਂਦਾ ਚਿਹਰਾ
ਅੱਖਾਂ 'ਚ ਬਲਦਾ ਸੂਰਜ,
ਤੇ ਚੜ੍ਹਦੇ ਸੂਰਜ ਵਰਗੀ,
ਚਿਹਰੇ ਤੇ ਦਗਦੀ ਲਾਲੀ,
ਜ਼ਬਰ ਅੱਗੇ ਡਟਿਆ
ਫੌਲਾਦ ਵਰਗਾ ਸੀਨਾ
ਹਿਮਾਲਾ ਵਰਗਾ ਜੇਰਾ
ਦਿਲ ਤੇਰੇ ਵਿਚ ਮਚਲਦੀ ਹੋਈ
ਝੁੱਗੀਆਂ ਲਈ ਅਪਣੱਤ
ਹਿੱਕ ਤੇਰੀ ਵਿਚ ਦਮਕਦੇ ਹੋਏ
ਲਾਲ ਸੁਰਖ ਸਿੱਕੇ,
ਵੰਡਦੀਆਂ ਚਾਨਣ,
ਤੇ ਛਾਣਦੀਆਂ ਹਨ੍ਹੇਰਾ
ਤੇਰੀ ਚਿਖਾ ਦੀਆਂ ਲਾਟਾਂ।
ਜਦ ਦਿਲ ਦੇ ਕਾਗਜ਼ ਉਤੇ,
ਇਹ ਯਾਦ ਉੱਕਰ ਆਵੇ
ਤਾਂ ਦਿਲ ਮੇਰੇ ਦੀ ਧੜਕਣ
ਤੇ ਡੌਲਿਆਂ ਦੀ ਫਰਕਣ
ਹੋਰ ਤੇਜ਼ ਹੋਵੇ।
ਖੂਨ ਖੌਲ ਉੱਠੇ,
ਹਿੱਕ ਅੰਦਰ ਸੁਲਗਦੀ ਅੱਗ
ਲਾਟ ਬਣ ਜਾਵੇ,
ਤੇ ਪਲਾਂ ਵਿਚ ਧੂਏਂ ਦੀ ਚਾਦਰ
ਛਾਨਣੀ ਹੋ ਜਾਵੇ।
ਸਤਲੁਜ ਦੇ ਪਾਣੀ ਵਾਂਗੂ
ਹੜ੍ਹ ਜਜ਼ਬਿਆਂ ਦਾ ਵਗਦਾ
ਤੇ ਦਿਲ ਮੇਰੇ ਵਿਚ ਸੱਧਰਾਂ ਦਾ
ਇਕ ਤੂਫਾਨ ਉੱਠੇ।
ਮੈਂ ਲੈ ਤੇਰਾ ਸੁਨੇਹਾ
ਹਰ ਗਲੀ, ਹਰ ਮੋੜ, ਹਰ ਕੋਨੇ 'ਚ
ਘੁੰਮ ਜਾਵਾਂ।
ਜੋ ਰੇਸ਼ਮ ਜਿਹੇ ਪਿੰਡੇ,
ਖੇਤਾਂ 'ਚ ਖੋਰ ਦੇਵਣ
ਕੁੰਦਨ ਜਿਹੀ ਜਵਾਨੀ,
ਮਿੱਲਾਂ 'ਚ ਗਾਲ ਦੇਵਣ
ਜੋ ਖਾ ਰਹੇ ਨੇ ਭੁੱਖਾਂ,

ਪੀ ਰਹੇ ਨੇ ਹੰਝੂ,
ਤੇ ਗਮ ਹੰਢਾ ਰਹੇ ਨੇ,
ਲੈ ਕੇ ਤੇਰਾ ਸੁਨੇਹਾ,
ਮੈਂ ਉਹਨਾਂ ਕੋਲ ਜਾਵਾਂ,
ਮੈਂ ਡੀਕ ਲਾ ਕੇ ਝੁੱਗੀਆਂ 'ਚੋਂ
ਜ਼ਹਿਰ ਚੂਸ ਜਾਵਾਂ,
ਮੈਂ ਬਿਜਲੀ ਬਣਕੇ ਮਹਿਲਾਂ ਉਤੇ,
ਜ਼ੋਰ ਨਾਲ ਕੜਕਾਂ,
ਤੇ ਚਾਂਦੀ ਦੇ ਮੁਨਾਰਿਆਂ ਦੀ,
ਰਾਖ ਕਰ ਦੇਵਾਂ ।
ਮੈਂ ਜ਼ਿੰਦਗੀ ਦੇ ਨੈਣੀਂ,
ਚੜ੍ਹਦੇ ਸੂਰਜ ਵਰਗਾ,
ਇੱਕ ਰੰਗ ਭਰ ਦੇਵਾਂ ।
ਬਸਤੀਆਂ ਦੀ ਮਿੱਟੀ
ਮੈਂ ਹਿੱਕ ਨਾਲ ਲਾਵਾਂ,
ਮੈਂ ਖਾਦ ਆਪਣੇ ਜਿਸਮ ਦੀ
ਖੇਤਾਂ 'ਚ ਧੂੜ ਦੇਵਾਂ
ਤੇ ਫਸਲ ਹੱਕ ਦੀ ਮੌਲੇ
ਪਾ ਹੱਡੀਆਂ ਦਾ ਬਾਲਣ
ਤੇ ਜਿਸਮ ਦੀ ਪਾ ਚਰਬੀ,
ਮੈਂ ਅੱਗ ਬਾਲ ਦੇਵਾਂ
ਸੁੰਨ ਹੋਏ ਢਾਰਿਆਂ
ਤੇ ਸਰਦ ਹੋਈਆਂ ਬਸਤੀਆਂ ਨੂੰ,
ਸੇਕ ਮਿਲ ਜਾਵੇ,
ਰਸਤਾ ਨਜ਼ਰ ਆਵੇ
ਤੇ ਬੁਝੇ ਹੋਏ ਚਿਹਰਿਆਂ ਤੇ
ਮੁਸਕਰਾਹਟ ਆਵੇ
ਡਗਮਗਾਂਦੀ ਰਾਤ ਵਿਚ,
ਲਟਲਟਾਕੇ, ਜਗਮਗਾਕੇ
ਧੂੜ ਕੇ ਚਾਨਣ ਚੁਫੇਰੇ,
ਬੁਝ ਗਏ ਵੇ ਦੀਵਿਆ !

●

**ਗੁੰਝਲ** / ਤਾਰਾ ਸਿੰਘ 'ਅਰਸ਼ੀ'

ਕਿਧਰੇ ਧੁੱਪ ਤੇ ਕਿਧਰੇ ਛਾਂ,
ਕੀ ਰੱਖਾਂ ਮੈਂ ਇਸ ਦਾ ਨਾਂ ।
ਭੁੱਖ ਨੰਗ ਦਾ ਡੇਰਾ ਵੀ ਹੈ,
ਕਿਤੇ ਸਵਰਗ ਦੀ ਠੰਡੀ ਛਾਂ ।
ਮੇਰਾ ਜੀਵਨ ਵਿਚ ਵਿਚਾਲੇ,
ਸੋਚ ਰਿਹਾ ਹਾਂ, ਕਿਧਰ ਜਾਂ ।
ਇ... ਬਣੇ ਜੀਵਨ ਦੇ ਚਾਨਣ,
ਮੌਤ ਦੀ ਕਾਲੀ ਛਾਂ ।
...ਰੇ ਨਿੱਘ ਨੇ ਚਾਰ ਚੁਫੇਰੇ,
ਕਿਧਰੇ ਕੱਕਰ ਵਾਂਗ ਠਰਾਂ ।
ਠਰੀ ਜ਼ਿੰਦਗੀ ਕੋਰੇ ਵਾਂਗੂ,
ਫਿਰ ਵੀ ਭਾਂਬੜ ਵਾਂਗ ਬਲਾਂ ।
ਮੇਰਾ ਸੇਕ ਅੰਦਰੋਂ ਨਿਕਲੇ,
ਜੀ ਕਰਦਾ ਕੋਈ ਲਾਂਬੂ ਲਾਂ ।
ਇਕ ਸੂਰਤਾ ਵਿਚ ਜਾਣ ਪਰੋਏ,
ਹੰਸ ਅਖਾਉਤੀ, ਕਾਲੇ ਕਾਂ ।
ਕਿਧਰੇ ਧੁੱਪ ਤੇ ਕਿਧਰੇ ਛਾਂ,
ਕੀ ਰੱਖਾਂ ਮੈਂ ਇਸ ਦਾ ਨਾਂ ।

●

**ਕਵਿਤਾ** / ਤਰਸੇਮ ਬਾਹੀਆ

(ਸਮਰਪਤ ਸ਼ਾਰਦਾ ਨੂੰ)

(ਨੋਟ—ਪੰਜਾਬੀ ਸਾਹਿਤ ਸਭਾ, ਖੰਨਾ ਦੇ ਛਪ ਰਹੇ ਕਾਵਿ ਸੰਗ੍ਰਹਿ "ਲਹਿਰਿਆ" 'ਚੋਂ)

ਐ ! ਮੇਰੀ ਦੋਸਤ
ਮੇਰੀ ਹਮਦਮ
ਮੇਰੀ ਮਹਿਬੂਬਾ
ਮੇਰੀ ਹਮਸਫਰ
ਆਪਣੇ ਜੀਵਨ ਦੀ
ਪਹਿਲੀ ਰਾਤ
ਮੈਂ ਤੈਨੂੰ ਸਮਰਪਣ ਕਰਦਾਂ
ਮੇਰਾ ਆਪਣਾ ਆਪ ।
ਮੈਂ ਨਹੀਂ ਤੋੜ ਸਕਦਾ
ਤੇਰੇ ਲਈ ਚੰਨ ਤਾਰੇ
ਨਾ ਮੈਂ ਦੇਵਾਂ ਤੈਨੂੰ
ਰੰਗੀਨ ਸੁਪਨੇ
ਸੁਰਗਾਂ ਦੇ ਲਾਰੇ
ਕਿਉਂ ਜੁ ਮੈਂ ਤੈਨੂੰ
ਪਿਆਰ ਕਰਦਾ ਹਾਂ
ਦਿਲੋਂ ਸਤਿਕਾਰ ਕਰਦਾ ਹਾਂ ।
ਅਕਾਸ਼ਾਂ ਵਿਚ
ਉੱਡ ਨਾ ਸਕਾਂ

ਧਰਤੀ ਮੈਨੂੰ
ਸੰਗਲ ਮਾਰੇ ।
ਮੇਰੀ ਮਹਿਬੂਬਾ !
ਮੈਂ ਤੈਨੂੰ ਸਮਰਪਣ ਕਰਦਾ ਹਾਂ
ਇਹ ਧਰਤੀ
ਇਸ ਦਾ ਦੁੱਖ
ਪੀੜ
ਹੌਕੇ ਤੇ ਹਾਵੇ ।
ਇਸ ਦੇ ਭੁੱਖੇ ਬੇਟੇ
ਨੰਗੀਆਂ ਧੀਆਂ
ਯਤੀਮ ਬੱਚੇ
ਬਿਮਾਰ ਬੁੱਢੇ
ਬੇਘਰ
ਬੇਆਸਰਾ
ਧੁੱਪਾਂ ਫੂਕੇ
ਪਾਲੇ ਮਾਰੇ ।
ਮੇਰੀ ਮਹਿਬੂਬਾ
ਤੈਨੂੰ ਦੇਣ ਲਈ
ਮੇਰੇ ਕੋਲ
ਫੁੱਲ ਵੀ ਨਹੀਂ ।
ਮੇਰੇ ਕੋਲ ਤਾਂ ਹਨ
ਕੁਝ ਕੁ ਕਲੀਆਂ,
ਰਾਕਸ਼ਾਂ ਦੇ ਪੈਰਾਂ ਹੇਠ ਮਿੱਧੀਆਂ
ਮੁਰਝਾਈਆਂ ਕੁਮਲਾਈਆਂ ।
ਜਾਂ ਫਿਰ ਲੈ ਲੈ
ਇਹ ਬਾਜ਼ਾਰ,
ਇਹ ਕੂਚੇ,
ਇਹ ਗਲੀਆਂ,
ਇਸ ਝੁੱਗੀਆਂ,
ਇਹ ਛੰਨਾਂ, ਇਹ ਢਾਰੇ,
ਮਹੱਲ ਜਿਨ੍ਹਾਂ ਦੀ
ਹਿੱਕ ਤੇ ਉਸਰੇ ।
ਮੇਰੀ ਮਹਿਬੂਬਾ !
ਮੈਂ ਤੈਨੂੰ ਸਮਰਪਣ ਕਰਦਾ ਹਾਂ
ਹੀਰੋਸ਼ੀਮਾ, ਨਾਗਾ ਸਾਕੀ,
ਲਾਓਜ਼, ਕੰਬੋਦੀਆ
ਅਤੇ
ਵੀਅਤਨਾਮ
ਏਸ਼ੀਆ, ਅਫ਼ਰੀਕਾ,
ਤੇ ਲਾਤੀਨੀ ਅਮਰੀਕਾ,
ਵਿਚ ਜੂਝ ਰਹੇ,
ਕਰੋੜਾਂ ਕਾਲੇ ਤੇ ਗੋਰੇ ।
ਮੇਰੀ ਮਹਿਬੂਬਾ !
ਮੈਂ ਤੈਨੂੰ ਸਮਰਪਣ ਕਰਦਾ ਹਾਂ
ਮੇਰੀ ਮੰਜ਼ਿਲ
ਇਸ ਦੇ ਲਾਲ ਰਾਹ
ਤੇ ਖ਼ੂਨੀ ਪੜਾਅ
ਇਹ ਕਾਲੀ ਬੋਲੀ ਰਾਤ
ਔਹ, ਸੰਧਿਆ ਦੀ ਲਾਲੀ
ਤੇ ਜੀਵਨ ਦਾ ਚਾਅ ।
ਮੇਰੀ ਦੋਸਤ
ਮੇਰੀ ਹਮਦਮ
ਮੇਰੀ ਮਹਿਬੂਬਾ
ਮੇਰੀ ਹਮਸਫ਼ਰ
ਆਪਣੇ ਜੀਵਨ ਦੀ
ਪਹਿਲੀ ਰਾਤ
ਮੈਂ ਤੈਨੂੰ ਸਮਰਪਣ ਕਰਦਾ ਹਾਂ
ਮੇਰਾ ਆਪਣਾ ਆਪ ।

o

**ਕਫ਼ਸ ਉਦਾਸ ਕਿਉਂ ਹੈ ?** / ਗਗਨ 'ਪਾਲ'

(ਇਕ ਸ਼ਹੀਦ ਸਾਥੀ ਦੇ ਨਾਉਂ)

ਉਸ ਦਿਨ ਤੋਂ,
ਸਮਾਂ ਪਥਰਾ ਗਿਆ ਹੈ ।
ਤੇ ਹਿਮਾਲਾ ਦਾ ਕੱਦ ਘਟ ਕੇ
ਧਰਤੀ ਦੇ ਸਾਵਾਂ ਹੋ ਗਿਆ ਹੈ ।
ਸਾਹਮਣੇ ਬੋਹੜ ਉਪਰੋਂ,
ਚਿੜੀ ਚੂਕਣੋ ਹਟ ਗਈ ਹੈ
ਜਦੋਂ ਦਾ ਭਾਵਾਂ ਦਾ ਤੂਫ਼ਾਨ
ਰਾਖਸ਼ਾਂ ਦੀ ਭੇਟ ਚੜ੍ਹਿਆ ਹੈ ।
ਅਜ ਪਹਿਲੀ ਵਾਰ,
ਮੇਰੀ ਮਹਿਬੂਬਾ ਦੇ ਮੂੰਹ ਤੇ,
ਉਦਾਸੀ ਨਜ਼ਰ ਆਉਂਦੀ ਹੈ ।
ਸ਼ਾਇਦ ਪਹਿਲੀ ਵਾਰ

ਬਾਗ ਦੀ ਹਰਿਆਵਲ ਤੱਕ ਕੇ
ਕੋਇਲ ਕੁਰਲਾਈ ਹੈ ।
ਪਰ ਐ ਸੜਕ
ਤੂੰ ਉਦਾਸ ਕਿਉਂ ਏਂ ।
ਇਕ ਰਾਹੀ ਦੇ ਅਲਵਿਦਾ ਕਹਿਣ ਤੇ
ਤੂੰ ਵਿਧਵਾ ਤਾਂ ਨਹੀਂ ਹੋਈ ।
ਕੀ ਹੋਇਆ ਜੇ ਜ਼ਿੰਦਗੀ ਦਾ ਗੀਤ ਗਾਉਣ ਵਾਲਾ
ਇਕ ਨਹੀਂ ਰਿਹਾ
ਕਾਫ਼ਲਾ ਤਾਂ ਸਲਾਮਤ ਹੈ ।
ਕੀ ਹੋਇਆ ਜੇ ਉਹ ਨਹੀਂ ਹੈ,
ਉਸਦੇ ਗੀਤ ਤਾਂ ਸਲਾਮਤ ਹਨ ।
ਔਹ ਤੱਕ ਉਸਦੇ ਕਬੀਲੇ ਦੇ ਲੋਕ,
ਕੰਡਿਆਲੇ ਸਿਹਰੇ ਬੰਨ੍ਹ ਬੰਨ੍ਹ ਨੱਚਦੇ ਨੇ
ਤੇ ਗਾਉਂਦੇ ਨੇ
ਉਹੀ ਜ਼ਿੰਦਗੀ ਦਾ ਗੀਤ
ਜੋ ਉਹ ਗੁਣਗੁਣਾਇਆ ਕਰਦਾ ਸੀ ।

o

**ਭੇਦ** / ਸ਼ਹਰਯਾਰ

ਜਿਵੇਂ ਕੋਈ ਖ਼ਿਜ਼ਾਬ-ਰੰਗ ਲਾ ਕੇ ਦਾਹੜੀ ਨੂੰ
ਕਿਸੇ ਕੈਲਾਸ਼ ਦੀ ਬੇਟੀ ਨੂੰ ਹਾਣ ਦਾ ਲਾਰਾ
ਲਾ ਕੇ, ਚੂਸ ਕੇ, ਸਰਘੀ ਹੰਢਾ ਕੇ ਸੌਂ ਜਾਵੇ
ਜਦੋਂ ਜਾਗੇ ਤਾਂ ਦਾਹੜੀ ਚੋਂ ਸਫ਼ੈਦੀ ਫੁੱਟ ਨਿਕਲੇ ।
ਜਿਵੇਂ ਕੋਈ ਪੇਸ਼ਾਵਰ ਨਾਚੀ ਪੰਜਾਹ ਕੁ ਸਾਲਾਂ ਦੀ
ਕਿਸੇ ਮੁਟਿਆਰ, ਡੁਲ੍ਹ ਡੁਲ੍ਹ ਪੈ ਰਹੇ ਪਰ੍ਹਾਵੇ ਵਿਚ
ਲਪਟਾਂ ਵੰਡਦੀ ਹਾਸੇ ਖਿਲੇਰਦੀ ਫਿਰਦੀ
ਤੇ ਗੱਭਰੂ ਸੀਨਿਆਂ ਵਿਚ ਲਾਵੇ ਛੇੜਦੀ ਫਿਰਦੀ
ਅਚਾਨਕ ਤਿਲਕ ਜਾਣ ਤਿਲਕਦੀ ਦੇ ਸਿਰ ਉਤੋਂ
ਸਾਇਆ ਰਾਤ ਦਾ ਪਲਾਸਟਕ ਦੀਆਂ ਜ਼ੁਲਫਾਂ ।
ਜਿਵੇਂ ਕੋਈ ਤਪੱਸਵੀ, ਜੋਗੀ, ਮੁਨੀਸ਼ਰ, ਬ੍ਰਹਮਚਾਰੀ
ਕਿਸੇ ਕੋਠੇ ਤੇ ਹਾਜ਼ਰ ਹੋਇਆ ਨਜ਼ਰ ਹੋ ਜਾਵੇ
ਇਵੇਂ
ਜਦ ਮੰਗਤਾ, ਮੰਗਦਾ ਚਵ੍ਹੀ ਕੁ ਸਾਲਾਂ ਤੋਂ
'ਆਜ਼ਾਦ ਹਿੰਦ' ਦੇ ਇਕ ਸ਼ਹਿਰ ਦੇ ਬਾਜ਼ਾਰਾਂ ਵਿਚ
ਕਿਸੇ ਪੋਲੀਸ ਦੀ ਲਾਰੀ ਨਾਂ ਕੁਚਲਿਆ ਜਾਵੇ
ਤੇ ਮਲਬਾ ਚੁੱਕ ਕੇ ਨਾਲੇ 'ਚ ਸੁੱਟ ਦਏ ਭੰਗੀ ।
ਜਦੋਂ ਪੇਂਡੂ ਸਕੂਲ ਉਜਾੜ ਕੇ, ਯੂਨੀਵਰਸਿਟੀ
ਦੇ ਪਾੜ੍ਹੇ ਬੱਚਿਆਂ ਲਈ 'ਮਾਡਲ ਸਕੂਲ' ਬਣੇ,
ਪਾਟੇ ਚੀਥੜੇ ਤੇ ਟੁੱਟੇ ਖੁਸੇ ਛਿੱਤਰਾਂ ਦੀ ਥਾਂ ਤੇ
ਵਰਦੀਆਂ, ਟਾਫ਼ੀਆਂ ਤੇ ਵਾਲ-ਵਾਹੇ-ਬੱਚੇ
'ਕੌਮ ਦਾ ਭਵਿੱਖ' ਪੜ੍ਹ ਰਹੇ ਹੋਵਣ
ਤੇ ਰਾਤੀਂ ਉਹ ਗਵਾਰ ਬੱਚੇ, ਟੱਪ ਕੇ ਕੰਧ, ਆ ਕੇ
ਗਾਲ੍ਹਾਂ ਤੇ ਬੜਾ ਬਕਵਾਸ, ਉਨ੍ਹਾਂ ਕੰਧਾਂ ਤੇ ਉਲੀਕਣ
ਜਿਥੋਂ ਉਹ ਜਲਾਵਤਨ ਹੋ ਕੇ ਗਏ ਨੇ ।
ਇਵੇਂ ਜਦ ਮਾਂ ਦੇ ਮਤਰੇਏ ਦੁੱਧ ਵਿਚ ਫ਼ਰਕ ਨਹੀਂ ਏਂ
ਇਵੇਂ ਜਦ ਪਿਉ ਦੀ ਅੱਖ ਦਾ ਟੀਰ ਹਾਲੇ ਵੀ ਸਲਾਮਤ
ਇਵੇਂ ਜਦ ਮਾਂ-ਪਿਉ ਦੀ ਖਾ ਜਵਾਨੀ
ਕੋਈ ਇੰਜੀਨੀਅਰ, ਕੋਈ ਮਾਸਟਰ, ਕੋਈ ਡਾਕਟਰ,
ਜਾਂ ਹੋਰ ਕੋਈ
ਕਮਾਈਆਂ ਡਿਗਰੀਆਂ ਨੂੰ ਫੰਕਸ਼ਨਾਂ ਤੇ ਪਾੜਦੇ ਨੇ
ਮੁਹੱਬਤ ਕਰਨ ਵਾਲੇ ਬੋਲ ਜਦ ਨ੍ਹਾਰੇ ਦੀ ਭੱਠੀ ਚਾੜ੍ਹਦੇ ਨੇ
ਇਨ੍ਹਾਂ ਜਿਸਮਾਂ 'ਚ ਚਾਅ ਕੁਝ ਕਰਨ ਦੇ
ਕਰ ਮਰਨ ਦੇ ਚਿੰਘਾੜਦੇ ਨੇ
ਤੇ ਫਿਰ ਬਾਡਰ ਤੇ ਪੁਲਸ ਮੁਕਾਬਲੇ ਦੀ
ਸਮਗਲਰ ਮਰਨ ਦੀ, ਜਾਂ ਡਾਕੂਆਂ ਦੇ ਹਰਨ ਦੀ
ਖ਼ਬਰ ਅਖ਼ਬਾਰ ਦੇ ਮੁੱਖ ਪੰਨਿਆਂ ਤੇ ਵਿਲਕਦੀ ਹੈ ।
ਜਦੋਂ ਮੰਡੀ ਦੀ ਅੱਖ ਵਿਚ ਮੋਤੀਆ ਉਤਰ ਆਏ
ਗਰੀਜ਼ ਵਨਸਪਤੀ ਘੀ ਦੀ ਪਛਾਣ ਮਿਟ ਜਾਏ
ਅਦਾਲਤ ਨੂੰ ਪਤਾ ਹੈ, ਤੇ ਪੁਲੀਸ ਵੀ ਜਾਣਦੀ ਹੈ
ਤੇ ਲੋਕੀ ਕਹਿ ਰਹੇ ਨੇ
ਫਿਰ ਵੀ ਪਤਾ ਨਹੀਂ ਕਿਸ ਪੁਸਤਕ 'ਚੋਂ ਵਾਕ ਨਿਕਲਦਾ ਹੈ
'ਮੁਲਜ਼ਮ ਨੂੰ ਬਾਇਜ਼ਤ ਬਰੀ ਕਰ ਦਿਉ',
ਤਾਂ ਮੈਂ ਮਜਬੂਰ ਹੋ ਜਾਨਾਂ
ਕਿ ਇਕ ਵੇਰਾਂ ਦੋਬਾਰਾ
'ਆਜ਼ਾਦੀ' ਸ਼ਬਦ ਦਾ ਕੀ ਅਰਥ ਹੈ,
ਘੋਖਾਂ, ਪੜ੍ਹਾਂ, ਤੇ ਕਿਸੇ ਰਾਹਬਰ ਦਾ ਰਾਹ ਵੇਖਾਂ,
ਜਾਂ ਖ਼ੁਦ ਬਣਾਂ ਰਾਹਬਰ
ਉਂਜ ਆਪੇ ਗੁਰੂ ਚੇਲੇ ਦੀ ਗਾਥਾ ਵੀ ਬੜਾ ਕੁਝ
ਦੇ ਦਏਗੀ ।

o

**ਗ਼ਜ਼ਲ** / ਸੇਲਾ ਸਿੰਘ

ਨਜ਼ਰ ਤੇਰੀ ਦਾ ਇਸ਼ਾਰਾ ਮਿਲ ਗਿਆ,
ਮਿਲ ਗਿਆ ਮੈਨੂੰ ਸਹਾਰਾ ਮਿਲ ਗਿਆ ।
ਰਹਿ ਗਿਆ ਬਾਕੀ ਕੀ ਇਸ ਸੰਸਾਰ ਤੇ,
ਸਾਥ ਤੇਰਾ ਮੈਨੂੰ ਓ ! ਯਾਰਾ ਮਿਲ ਗਿਆ ।

ਹੁਣ ਕਹਾਣੀ ਇਸ਼ਕ ਵਾਲੀ ਪੂਰ ਚੜ੍ਹਦੀ ਜਾਪਦੀ,
ਐਨ ਮੌਕੇ ਤੇ ਮੈਨੂੰ ਹੁੰਗਾਰਾ ਮਿਲ ਗਿਆ।
ਝੂਠ ਤਾਂ ਮਿਲਿਆ ਹੀ ਹੈ ਸੰਗੇ-ਦਿਲ ਯਾਰ ਤੋਂ,
ਹੋਇਆ ਕੀ ਜੇ ਝੂਠਾ ਲਾਰਾ ਮਿਲ ਗਿਆ।
ਵਰਜਦਾ ਸੀ ਰੋਜ਼ ਜਿੱਥੇ ਆਉਣ ਤੋਂ,
ਸ਼ੇਖ ਉੱਥੇ ਹੀ ਵਿਚਾਰਾ ਮਿਲ ਗਿਆ।
ਚੰਦਰਮਾਂ, ਮੰਗਲਾਂ ਤੇ ਭੱਜਾ ਜਾ ਰਿਹੈਂ,
ਭੇਤ ਧਰਤੀ ਦਾ ਕੀ ਸਾਰਾ ਮਿਲ ਗਿਆ।

•

## ਆਦਮ ਦੀ ਗਾਥਾ / ਨਾਹਰ ਸਿੰਘ

ਭੁੱਲੇ ਭਟਕੇ ਆਦਮ ਨੇ
ਯੁਗਾਂ ਦੇ ਅਧਿਆਇ ਵਾਲੀ
ਪੋਥੀ ਵਿਚੋਂ ਵੇਖਿਆ :

ਪਹਿਲਾ ਅਧਿਆਇ; ਸਤਯੁਗ,
ਰੁੱਖਾਂ ਦੀਆਂ ਟਾਹਣੀਆ 'ਚੋਂ
ਜ਼ਿੰਦਗੀ ਦੀ ਮਹਿਕ ਆਉਂਦੀ
ਚਾਨਣੀਆਂ ਰਾਤਾਂ ਵਿਚ
ਭੂਮਕਦੀਆਂ ਪੌਣਾ ਸੰਗ
ਸਾਂਝੇ ਗੀਤ ਗਾਏ ਜਾਂਦੇ
ਆਲ੍ਹਣੇ 'ਚ ਪੰਛੀਆਂ ਦੀ
ਮਿੱਠੀ ਚਹਿਚਿਹਾਟ ਹੁੰਦੀ
ਤੇ ਏਕਸ ਕੇ ਬਾਰਕ
'ਸੱਭੇ ਸਭਨਾਂ ਦੇ ਲਈ' ਸੀ।

ਦੂਜਾ ਅਧਿਆਇ; ਤਰੇਤਾ ਯੁਗ,
ਜ਼ਿੰਦਗੀ ਦੇ ਬੋਲ ਮੁੱਕੇ
ਪੰਛੀਆਂ ਦੇ ਸੰਘ ਸੁੱਕੇ
ਆਦਮ ਨੂੰ ਨਕੇਲ ਪਈ
ਜੰਗਲਾਂ ਨੂੰ ਵੰਡਿਆ
ਆਦਮ ਦਾ ਭਾਰਾ ਜਿਸਮ
ਦੌੜ ਕੇ ਸ਼ਿਕਾਰ ਮਾਰੇ
ਤੇ ਚੁਪ ਚੁਪੀਤਾ ਮਾਲਕ ਦੇ
ਚਰਨੀਂ ਲਿਆ ਧਰੇ
'ਰਹਿਮ ਉੱਤੇ ਜੀਣਾ'
ਆਦਮ ਦਾ ਧਰਮ ਸੀ

ਤੀਜਾ ਅਧਿਆਇ; ਦੁਆਪਰ ਯੁਗ,
ਆਦਮ ਮਿੱਟੀ ਵਿਚ ਮਿੱਟੀ ਹੋ ਕੇ
ਜੰਗਲਾਂ ਨੂੰ ਪੁੱਟਦਾ
ਮੁੜ੍ਹਕਿਆਂ ਦਾ ਪਾਣੀ ਦੇ ਕੇ
ਪੈਲੀਆਂ ਨੂੰ ਪਾਲਦਾ
ਸੁਨਹਿਰੀ ਸਿੱਟੇ ਆਦਮ ਦਾ
ਮੂੰਹ ਚਿੜਾਉਂਦੇ ਰਹੇ
ਬੋਹਲ ਵੰਡੀਂਦਾ ਰਿਹਾ
ਅਸਮਤ ਲੁਟੀਂਦੀ ਰਹੀ
'ਭਾਣਾ ਮੰਨਣਾ ਤੇ ਸਬਰ ਕਰਨਾ'
ਆਦਮ ਨੇ ਸਿੱਖਿਆ

ਚੌਥਾ ਅਧਿਆਇ; ਕਲਯੁਗ,
ਭਾਰੀ ਮਸ਼ੀਨਾਂ ਦੇ ਪਹੀਆਂ ਨੇ
ਆਦਮ ਨੂੰ ਦਰੜਿਆ ਤੇ ਕੁਚਲਿਆ
ਬੇਲਣੀਆਂ ਨੇ ਆਦਮ ਨੂੰ
ਗੰਨੇ ਵਾਂਗੂੰ ਪੀੜਿਆ
ਕਾਗਜ਼ਾਂ ਨਾਲ ਜੇਬ ਭਰ ਕੇ
ਘੰਟਿਆਂ 'ਚ ਕੈਦ ਕਰਕੇ
'ਵਫ਼ਾਦਾਰ ਨੌਕਰ ਦਾ'
ਗਲ 'ਚ ਪਟਾ ਪਾਇਆ ਗਿਆ
ਤੇ ਪੱਥਰ-ਯੁਗ ਤੋਂ ਲੋਕ-ਯੁਗ ਤਕ
ਆਦਮ ਨੰਗੇ ਪੈਰੀਂ ਤੁਰਿਆ

ਅਗਲਾ ਅਧਿਆਇ ਕਲਯੁਗ ਨੇ
ਨਵਾਂ ਆਦਮ ਜੰਮਿਆਂ
ਜੋ—
ਤਰੇਤੇ ਯੁਗ ਦਾ ਭਾਲਾ ਲੈ ਕੇ
ਦੁਆਪਰ ਯੁਗ ਦੀ ਦਾਤੀ ਸੰਗ
ਕਲਯੁਗ ਦਾ ਹਥੌੜਾ ਚੁੱਕੀ
ਕਲਯੁਗ ਨੂੰ ਸਤਯੁਗ 'ਚ
ਪਲਟਣ ਦਾ ਅਕੀਦਾ ਲੈ ਕੇ
ਮੁੜ੍ਹਕੇ ਦਾ ਮੁੱਲ ਖੋਹਣ ਤੁਰਿਆ
ਤੇ ਵੋਲਗਾ ਤੋਂ ਲੈ ਕੇ ਜਿਹੜਾ
ਲਾਂਗਬਾਂਕ ਵੱਲੇ ਵਧ ਰਿਹਾ......।

○

# ਪਾਠਕ ਲੇਖਕ ਫੋਰਮ

## ੧. ਚਿਲੀ ਵਿਚ ਫੌਜੀ ਰਾਜ ਪਲਟਾ ਤੇ ਕੁਝ ਇਨਕਲਾਬੀ ਸਬਕ

—ਪ੍ਰੀਤਮ ਸਿੰਘ ਗਿੱਲ, ਨਹਿਰੂ ਯੂਨੀਵਰਸਿਟੀ

੧੧ ਸਤੰਬਰ, ੧੯੭੩ ਨੂੰ ਚਿੱਲੀ ਵਿਚ ਫੌਜ ਨੇ ਪ੍ਰਧਾਨ ਐਲੈਂਡੇ ਦੀ ਸਰਕਾਰ ਦਾ ਤਖ਼ਤਾ ਉਲਟਾ ਦਿਤਾ, ਜਿਸ ਦੀਆਂ ਤਿਆਰੀਆਂ ਉਥੋਂ ਦੀ ਬੁਰਜੁਆਜ਼ੀ ਲਗ ਭਗ ਢਾਈ ਸਾਲਾਂ ਤੋਂ ਅੰਦਰ-ਖਾਤੇ ਕਰ ਰਹੀ ਸੀ। ਪ੍ਰਧਾਨ ਐਲੈਂਡੇ ਕਤਲ ਕਰ ਦਿਤੇ ਗਏ। 'ਸਮਾਜਵਾਦ ਵਲ ਚਿਲੀ ਵਾਲਾ ਰਾਹ' ਖ਼ਤਮ ਹੋ ਗਿਆ। ਮਜ਼ਦੂਰ ਜਮਾਤ ਦੇ ਸ਼ਹੀਦਾਂ ਦੀ ਲੜੀ ਵਿਚ ਹਜ਼ਾਰਾਂ ਨਵੇਂ ਨਾਮ ਹੋਰ ਸ਼ਾਮਲ ਹੋ ਗਏ।

ਦੁਨੀਆਂ ਭਰ ਵਿਚ ਚਿਲੀ ਦੇ ਫੌਜੀ ਰਾਜ ਪਲਟੇ ਬਾਰੇ ਵੱਖ ਵੱਖ ਪ੍ਰਤੀਕਿਰਿਆ ਹੋਈ ਹੈ। ਇੰਦਰਾ, ਮੁਜੀਬ, ਭੁਟੋ ਤੇ ਭੰਡਾਰਨਾਇਕੇ ਦੀਆਂ ਬੁਰਜੂਆ ਸਰਕਾਰਾਂ ਤੋਂ ਲੈ ਕੇ ਉਦਾਰ ਜਮਹੂਰੀ, ਸੋਧਵਾਦੀ, ਕੇਂਦਰੀਵਾਦੀ ਅਤੇ ਇਨਕਲਾਬੀ ਮਾਰਕਸਵਾਦੀ ਪਾਰਟੀਆਂ, ਗਰੁਪ ਅਤੇ ਵਿਅਕਤੀ ਚਿਲੀ ਦੇ ਤਜਰਬੇ ਤੋਂ ਸਬਕ ਸਿਖਣ ਲਈ ਕਹਿ ਰਹੇ ਹਨ। ਪਰ ਹਰ ਇਕ ਦਾ ਸਬਕ ਆਪਣੇ ਆਪਣੇ ਰਾਜਸੀ ਪ੍ਰਸੰਗ ਵਿਚ ਵੱਖਰਾ ਵੱਖਰਾ ਹੈ। ਇਨਕਲਾਬੀ ਮਾਰਕਸਵਾਦੀਆਂ ਦਾ ਫ਼ਰਜ਼ ਬਣਦਾ ਹੈ ਕਿ ਇਸ ਮੌਕੇ ਤੇ ਦੁਬਾਰਾ ਫਿਰ ਰਾਜ, ਇਨਕਲਾਬ, ਸਮਾਜਵਾਦ ਵਲ ਸ਼ਾਤਮਈ ਰਾਹ, ਸੋਵੀਅਤਾਂ ਅਤੇ ਮਜ਼ਦੂਰ ਸ਼ਕਤੀ ਦੇ ਸੁਆਲਾਂ ਬਾਰੇ ਮਾਰਕਸਵਾਦੀ ਦ੍ਰਿਸ਼ਟੀਕੋਣ ਦੁਹਰਾਉਣ ਅਤੇ ਇਹ ਵਿਖਾਉਣ ਕਿ ਐਲੈਂਡੇ ਸਰਕਾਰ ਕਿਉਂ ਚਿਲੀ ਨੂੰ ਸਮਾਜਵਾਦ ਵਲ ਲਿਜਾਣ ਵਿਚ ਫੇਲ੍ਹ ਹੋਈ।

ਇਸ ਤੋਂ ਪਹਿਲਾਂ ਕਿ ਐਲੈਂਡੇ ਦੀ ਪਾਪੂਲਰ ਯੂਨਿਟੀ ਸਰਕਾਰ ਦੀ ਕਾਰਜਨੀਤੀ ਨੂੰ ਘੋਖਿਆ ਜਾਵੇ, ਅਸੀਂ ਥੋੜੇ ਸ਼ਬਦਾਂ ਵਿਚ ਉਨ੍ਹਾਂ ਹਾਲਤਾਂ ਉਤੇ ਚਾਨਣਾ ਪਾਉਣਾ ਚਾਹੁੰਦੇ ਹਾਂ, ਜਿਨ੍ਹਾਂ ਵਿਚ ਐਲੈਂਡੇ ਤਾਕਤ ਵਿਚ ਆਇਆ। ਕਿਊਬਾ ਦੇ ਇਨਕਲਾਬ ਤੋਂ ਬਾਅਦ ਅਮਰੀਕੀ ਸਾਮਰਾਜੀਆਂ ਦੀ ਲਾਤੀਨੀ ਅਮਰੀਕਾ ਵਿਚ ਇਕ ਅਜਿਹਾ ਰਾਜ ਸਥਾਪਤ ਕਰਨ ਦੀ ਯੋਜਨਾ ਸੀ ਜੋ ਕਿਊਬਾ ਦੇ ਮੁਕਾਬਲੇ ਇਕ ਨਵਾਂ ਮਾਡਲ ਖੜਾ ਕੀਤਾ ਜਾ ਸਕਦਾ। ਇਸ ਲਈ ਚਿਲੀ ਦੀਆਂ ੧੯੬੪ ਦੀਆਂ ਚੋਣਾਂ ਵਿਚ ਸਾਮਰਾਜੀਆਂ ਅਤੇ ਉਸ ਦੇ ਸੂਝਵਾਨ ਬੁਰਜੂਆ ਪਿੱਠੂਆਂ ਨੇ ਕ੍ਰਿਸਚੀਅਨ ਡੈਮੋਕਰੇਟਿਕ ਪਾਰਟੀ ਦੀ ਪੂਰੀ ਮਦਦ ਕੀਤੀ ਅਤੇ ਐਡੂਆਰਡੋ ਫਰੇ ਦੀ ਪ੍ਰਧਾਨਗੀ ਚੋਣ ਵਿਚ ਜਿੱਤ ਨਿਸਚਤ ਕੀਤੀ। ਫਰੇ ਦੀ ਜਿੱਤ ਨੂੰ ਅਮਰੀਕਨ ਪ੍ਰੈਸ ਵਿਚ 'ਆਜ਼ਾਦੀ ਦਾ ਇਨਕਲਾਬ' ਕਹਿ ਕੇ ਵਡਿਆਇਆ ਗਿਆ ਅਤੇ ਇਹ ਪਰਚਾਰਿਆ ਗਿਆ ਕਿ ਫਰੇ ਚਿਲੀ ਵਿਚ ਬੁਨਿਆਦੀ ਸਮਾਜਿਕ ਤੇ ਆਰਥਕ ਸੁਧਾਰ ਲਿਆਏਗਾ। ਇਸ ਵਿਚ ਕੋਈ ਸ਼ੱਕ ਨਹੀਂ ਕਿ ਫਰੇ ਸਰਕਾਰ ਨੇ ਕੁਝ ਅਜਿਹੇ ਸੁਧਾਰ ਜ਼ਰੂਰ ਲਿਆਂਦੇ—ਜਿਵੇਂ ੧੯੬੭ ਦਾ ਜ਼ਮੀਨੀ ਸੁਧਾਰ ਬਿਲ ਤੇ ਕਿਸਾਨਾਂ ਨੂੰ ਯੂਨੀਅਨ ਬਨਾਉਣ ਦਾ ਹੱਕ ਦੇਣ ਦਾ ਬਿਲ—ਜਿਸ ਨਾਲ ਜਨਤਾ ਦੇ ਤਮਾਮ ਹਿਸਿਆਂ ਵਿਚ ਰਾਜਸੀ ਚੇਤੰਨਤਾ ਤੇ ਹੁਸ਼ਿਆਰੀ ਵਧੀ, ਪਰ ਇਸ ਦੇ ਨਾਲ ਹੀ ਫਰੇ ਸਰਕਾਰ ਨੇ ਮਜ਼ਦੂਰ ਜਮਾਤ ਦੀ ਲਹਿਰ ਨੂੰ ਸਖ਼ਤੀ ਨਾਲ ਕੁਚਲਿਆ। ੧੯੬੬ ਵਿਚ ਐਲ ਸਲਵਾਦੋਰ ਦੀਆਂ ਖਾਨਾਂ ਦੇ ਛੇ ਮਜ਼ਦੂਰਾਂ ਨੂੰ ਗੋਲੀ ਨਾਲ ਉਡਾਉਣ ਦੀ ਘਟਨਾ ਖਾਸ ਤੌਰ ਤੇ ਦਰਦਨਾਕ ਸੀ। ਮਜ਼ਦੂਰ ਜਮਾਤ ਵਿਚ ਖਾੜਕੂ ਲਹਿਰ ਦੇ ਫੈਲਣ ਨਾਲ ਅਤੇ ਫਰੇ ਦੇ ਤਸ਼ੱਦਦ ਭਰੇ ਜਵਾਬ ਨਾਲ ਸਿਆਸੀ ਬੇਚੈਨੀ ਫੈਲਣ ਲੱਗੀ ਤੇ ਇਸਦਾ ਅਸਰ ਕ੍ਰਿਸਚੀਅਨ ਡੈਮੋਕਰੈਟਿਕ ਪਾਰਟੀ ਉਤੇ ਵੀ ਪਿਆ ਜਿਸਦਾ ਖੱਬੇ ਪੱਖੀ ਹਿੱਸਾ ਪਾਰਟੀ ਨਾਲੋਂ ਟੁੱਟ ਕੇ ਇਕ ਨਵੀਂ ਜਥੇਬੰਦੀ ਮਾਪੂ MAPU (Movement of United Popular Action) ਵਿਚ ਜਥੇਬੰਦ ਹੋ ਗਿਆ। ਜਦ 1970 ਦੀਆਂ ਚੋਣਾਂ ਆਈਆਂ ਤਾਂ ਬੁਰਜੁਆਜ਼ੀ ਜਨਤਾ ਦੇ ਮਿਹਨਤਕਸ਼ ਹਿਸਿਆਂ ਤੋਂ ਟੁੱਟ ਚੁਕੀ ਸੀ ਅਤੇ ਅੰਦਰ-ਖਾਤੇ ਫੁਟ ਦਾ ਸ਼ਿਕਾਰ ਸੀ। ਸਲਵਦੋਰ ਐਲੈਂਡੇ ਦੇ ਮੁਕਾਬਲੇ ਬੁਰਜੁਆਜ਼ੀ ਇਕ ਸਾਂਝਾ ਉਮੀਦਵਾਰ ਖੜਾ ਕਰਨ ਉਤੇ ਸਹਿਮਤ ਨਾ ਹੋ ਸਕੀ ਅਤੇ ਐਲੈਂਡੇ ਘਟ ਗਿਣਤੀ ਵੋਟ ਨਾਲ ਵੀ ਦੋ ਬੁਰਜੂਆ ਉਮੀਦਵਾਰਾਂ—ਟਾਮਿਕ ਤੇ ਐਲੇਜ਼ਾਂਦਰੀ ਨੂੰ ਹਰਾਉਣ ਵਿਚ ਕਾਮਯਾਬ ਹੋ ਗਿਆ।

**ਐਲੈਂਡੇ ਸਰਕਾਰ—ਕੇਂਦਰੀਵਾਦ ਰਾਜਸੀ ਤਾਕਤ ਵਿਚ :** ਐਲੈਂਡੇ ਦੀ ਚੋਣਾਂ ਵਿਚ ਜਿੱਤ ਬਿਨਾਂ ਸ਼ੱਕ ਮਜ਼ਦੂਰ ਜਮਾਤ ਦੀ ਇਕ ਅਹਿਮ ਸਿਆਸੀ ਜਿੱਤ ਸੀ। ਪਾਪੂਲਰ ਯੂਨਿਟੀ ਸਰਕਾਰ ਦੀਆਂ ਦੋ ਮੁਖ ਭਾਈਵਾਲ ਪਾਰਟੀਆਂ ਸਨ : ਸੋਸ਼ਲਿਸਟ ਪਾਰਟੀ ਜਿਸਦਾ ਲੀਡਰ ਐਲੈਂਡੇ ਸੀ ਅਤੇ ਮਾਸਕੋ-ਪੱਖੀ ਕਮਿਊਨਿਸਟ ਪਾਰਟੀ। ਇਹ ਦੋਨੋਂ ਪਾਰਟੀਆਂ ਮਿਲ ਕੇ ਮਜ਼ਦੂਰ

ਜਮਾਤ ਦੇ ਬਹੁਤ ਵਡੇ ਹਿਸੇ ਦੀ ਪ੍ਰਤੀਨਿਧਤਾ ਕਰਦੀਆਂ ਹਨ। ਇਕ ਗਲ ਨੋਟ ਕਰਨ ਵਾਲੀ ਹੈ ਕਿ ਐਲੈਂਡੇ ਦੀ ਸੋਸ਼ਲਿਸਟ ਪਾਰਟੀ ਨੇ ਚਿਲੀ ਦੀ ਮਾਸਕੋ-ਪੱਖੀ ਕਮਿਊਨਿਸਟ ਪਾਰਟੀ ਤੋਂ ਹਮੇਸ਼ਾ ਹੀ ਜ਼ਿਆਦਾ ਖਾੜਕੂ ਸਟੈਂਡ ਲਿਆ। ਸੋਸ਼ਲਿਸਟ ਪਾਰਟੀ 1933 ਵਿਚ ਐਲੈਂਡੇ ਅਤੇ ਹੋਰਨਾਂ ਦੀ ਅਗਵਾਈ ਵਿਚ ਬਣੀ ਸੀ ਕਿਉਂਕਿ ਇਸਦੇ ਬਾਨੀਆਂ ਦੇਖ ਲਿਆ ਸੀ ਕਿ ਚਿਲੀ ਦੀ ਕਮਿਊਨਿਸਟ ਪਾਰਟੀ ਉਥੋਂ ਦੀ ਮਜ਼ਦੂਰ ਜਮਾਤ ਨੂੰ ਇਨਕਲਾਬੀ ਅਗਵਾਈ ਦੇਣ ਵਿਚ ਨਾ-ਕਾਮਯਾਬ ਰਹੀ ਹੈ (ਇਹ ਉਹ ਸਮਾਂ ਸੀ ਜਦ ਚਿਲੀ ਦੀ ਕਮਿਊਨਿਸਟ ਪਾਰਟੀ ਮਾਸਕੋ ਦੀ ਸਟਾਲਨਵਾਦੀ-ਨੌਕਰਸ਼ਾਹੀ ਦੇ ਖੱਬੇ ਪੱਖੀ ਮੋੜ ਦੀ ਹੱਥ-ਠੋਕਾ ਪਾਰਟੀ ਬਣੀ ਹੋਈ ਸੀ) ਸੋਸ਼ਲਿਸਟ ਪਾਰਟੀ ਮਜ਼ਦੂਰ ਜਮਾਤ ਦੀ ਇਕ ਇਨਕਲਾਬੀ ਮਾਰਕਸਵਾਦੀ ਪਾਰਟੀ ਬਨਾਉਣ ਦਾ ਯਤਨ ਸ਼ੀ ਅਤੇ ਜੋ ਸਟਾਲਿਨ ਵਾਦੀ ਤੀਜੀ ਇੰਟਰ ਨੈਸ਼ਨਲ ਦੀ ਸਿਆਸੀ ਗੁਲਾਮੀ ਤੋਂ ਬਾਹਰ ਸੀ। ਜਿਥੇ ਮਾਸਕੋ-ਪੱਖੀ ਚਿਲੀਅਨ ਕਮਿਊਨਿਸਟ ਪਾਰਟੀ ਸ਼ੁਰੂ ਤੋਂ ਹੀ ਖੱਬੇ-ਸੱਜੇ ਸਿਆਸੀ ਪਾਸੇ ਪਲਟਦੀ ਮੌਕਾ-ਪ੍ਰਸਤ ਸੁਧਾਰ-ਵਾਦੀ ਪਾਰਟੀ ਰਹੀ ਹੈ ਉਥੇ ਸੋਸ਼ਲਿਸਟ ਪਾਰਟੀ, ਭਾਵੇਂ ਇਸ ਵਿਚ ਮਜ਼ਦੂਰ ਜਮਾਤ ਦੇ ਸਭ ਤੋਂ ਅਗਾਂਹ ਵਧੂ ਖਾੜਕੂ ਹਿਸੇ ਸ਼ਾਮਲ ਰਹੇ ਹਨ, ਜਨਮ ਤੋਂ ਹੁਣ ਤਕ ਇਕ ਕੇਂਦਰੀਵਾਦੀ ਪਾਰਟੀ ਰਹੀ ਹੈ। ਕੇਂਦਰੀਵਾਦ ਇਤਿਹਾਸ ਦੇ ਅਹਿਮ ਮੋੜ ਤੇ ਆ ਕੇ ਥਿੜਕਦਾ ਹੈ, ਅਤੇ ਜਨਤਾ ਨੂੰ ਇਨਕਲਾਬੀ ਅਗਵਾਈ ਦੇਣ ਤੋਂ ਮੁਨਕਰ ਹੋ ਕੇ ਉਡੀਕਦੀ ਜਿੱਤ ਨੂੰ ਹਾਰ ਵਿਚ ਬਦਲ ਦਿੰਦਾ ਹੈ।

ਪਾਪੂਲਰ ਯੂਨਿਟੀ ਸਰਕਾਰ ਨੇ ਪਹਿਲੇ ਸਾਲ ਵਿਚ ਬਹੁਤ ਸੁਧਾਰ ਲਿਆਂਦੇ ਜੋ ਉਸਨੇ ਆਪਣੇ ਪ੍ਰੋਗਰਾਮ ਵਿਚ ਪੂਰੇ ਕਰਨ ਦਾ ਵਾਹਦਾ ਕੀਤਾ ਸੀ। ਇਨ੍ਹਾਂ ਸੁਧਾਰਾਂ ਨੇ ਚਿਲੀ ਦੇ ਸਭ ਤੋਂ ਪਛੜੇ ਤਬਕਿਆਂ ਵਿਚ ਪਾਪੂਲਰ ਯੂਨਿਟੀ ਨੂੰ ਬਹੁਤ ਹਰਮਨ ਪਿਆਰਾ ਬਣਾ ਦਿਤਾ। ਸਾਰੇ ਬੱਚਿਆਂ ਨੂੰ ਅੱਧਾ ਲੀਟਰ ਦੁੱਧ ਰੋਜ਼ਾਨਾ ਮੁਫਤ ਦੇਣਾ ਸ਼ੁਰੂ ਕੀਤਾ ਗਿਆ, ੪੫ ਸਿਆਸੀ ਕੈਦੀ ਆਜ਼ਾਦ ਕੀਤੇ ਗਏ, ਅਮਰੀਕੀ ਤਰੀਕਿਆਂ ਨਾਲ ਸਿਖਾਈ ਤਸੀਹੇ ਦੇਣ ਵਾਲੀ ਪੁਲਸ ਦੇ ਸਪੈਸ਼ਲ ਸੁਕੁਐਡਾਂ ਨੂੰ ਤੰਗ ਕੀਤਾ ਗਿਆ। ਤਨਖਾਹਾਂ ਵਿਚ ੬੦ ਪ੍ਰਤੀਸ਼ਤ ਵਾਧਾ ਕੀਤਾ ਗਿਆ ਤੇ ਕੀਮਤਾਂ ਬੰਨ੍ਹ ਦਿਤੀਆਂ ਗਈਆਂ।

੧੯੭੧ ਦੇ ਪਹਿਲੇ ਛੇ ਮਹੀਨਿਆਂ ਵਿਚ ਮੁਦਰਾ-ਵਿਸਤਾਰ (ਇਨਫਲੇਸ਼ਨ) ੭.੫ ਪ੍ਰਤੀਸ਼ਤ ਘਟਾ ਦਿਤਾ ਗਿਆ ਜਦ ਕਿ ਐਲੈਂਡੇ ਦੇ ਤਾਕਤ ਵਿਚ ਆਉਣ ਤੋਂ ਪਹਿਲਾਂ ੧੯੭੦ ਦੇ ਪਹਿਲੇ ਛੇ ਮਹੀਨਿਆਂ ਵਿਚ ਮੁਦਰਾ-ਵਿਸਤਾਰ ੨੨% ਵਧ ਗਿਆ ਸੀ। ਕੌਮੀਕਰਣ ਕਰਨਾ ਸ਼ੁਰੂ ਕੀਤਾ ਗਿਆ, ਪਹਿਲੇ ਨੌ ਮਹੀਨਿਆਂ ਵਿਚ ਕਪੜੇ, ਲੋਹੇ, ਆਟੋਮੋਬਾਈਲ ਤੇ ਤਾਂਬੇ ਦੇ ਉਦਯੋਗਾਂ ਦੇ ਬਹੁਤ ਵਡੇ ਹਿਸੇ ਦਾ ਕੌਮੀਕਰਣ ਕਰ ਦਿਤਾ ਗਿਆ। ਦੇਸ਼ ਦੀਆਂ ੬੦% ਬੈਂਕਾਂ ਜਨਤਕ ਮਾਲਕੀ ਥੱਲੇ ਕਰ ਲਈਆਂ ਗਈਆਂ। ਅਮਰੀਕੀ ਸਰਮਾਏ ਦੀ ਮਾਲਕੀ ਹੇਠਲੀਆਂ ਤਾਂਬੇ ਦੀਆਂ ਤਿੰਨ ਖਾਨਾਂ—ਕੈਰੋ, ਅੰਨਾਂ ਕੋਂ ਦਾ ਅਤੇ ਕੈਨੀਕਾਟ—ਦਾ ਕੌਮੀਕਰਣ ਇਕ ਮਹੱਤਵ-ਪੂਰਣ ਕਦਮ ਸੀ, ਖਾਸ ਕਰਕੇ ਇਸ ਕਰਕੇ ਕਿ ਇਨ੍ਹਾਂ ਦਾ ਮੁਆਵਜ਼ਾ ਨਹੀਂ ਦਿਤਾ ਗਿਆ ਸੀ। ਪਰ ਸਭ ਤੋਂ ਵੱਡੀ ਘਾਟ ਜੋ ਰਹੀ ਉਹ ਇਹ ਸੀ ਕਿ ਇਨ੍ਹਾਂ ਕੌਮੀ ਕੀਤੀਆਂ ਸੰਸਥਾਵਾਂ ਦਾ ਕੰਟਰੋਲ ਮਜ਼ਦੂਰ ਕਮੇਟੀਆਂ ਦੇ ਹੱਥ ਨਾ ਦਿਤਾ ਗਿਆ। ਸਗੋਂ ਕਈ ਜਗ੍ਹਾ ਜਦੋਂ ਮਜ਼ਦੂਰਾਂ ਨੇ ਕਿਸੇ ਸੰਸਥਾ ਉਪਰ ਕਬਜ਼ਾ ਕਰ ਲਿਆ ਤਾਂ ਹੀ ਉਥੇ ਕੌਮੀਕਰਣ ਕੀਤਾ ਗਿਆ। ਨਵੰਬਰ ੧੯੭੦ ਵਿਚ ਨਾਰਦਰਨ ਇੰਡੀਆਨਾ ਬਰਾਸ ਕੰਪਨੀ ਦਾ ਅਤੇ ਮਈ ੧੯੭੧ ਵਿਚ ਫੋਰਡ ਮੋਟਰ ਕੰਪਨੀ ਦੇ ਪਲਾਂਟ ਦਾ ਕੇਸ ਖਾਸ ਵਰਨਣ ਯੋਗ ਹੈ। ਇਹ ਗਲ ਖਾਸ ਧਿਆਨ ਰਖਣ ਯੋਗ ਹੈ ਕਿ ਸਾਮਰਾਜਵਾਦ ਅਜ ਦੇ ਇਤਿਹਾਸਕ ਮੋੜ ਵਿਚ ਕੁਝ ਸ਼ਰਤਾਂ ਤੇ ਕੌਮੀਕਰਣ ਦਾ ਵਿਰੋਧ ਨਹੀਂ ਕਰਦਾ (ਉਦਾਹਰਣ ਦੇ ਤੌਰ ਤੇ ਜਿਵੇਂ ਪੀਰੂ ਵਿਚ) ਜੇ ਇਹ ਕੌਮੀਕਰਣ ਸਿਰਫ ਪੁਰਾਣੇ ਤਰ੍ਹਾਂ ਦੇ ਉਦਯੋਗਾਂ ਜਿਵੇਂ ਤਾਂਬੇ ਦੀਆਂ ਖਾਨਾਂ ਤਕ ਹੀ ਸੀਮਤ ਰਹੇ ਅਤੇ ਉਸ ਦਾ ਮੁਆਵਜ਼ਾ ਦਿਤਾ ਜਾਵੇ ਅਤੇ ਇਹ ਕੌਮੀਕਰਣ ਨਵੇਂ ਨਿਰਮਾਣ ਖੇਤਰ (Manufacturing Sector) ਨੂੰ ਨਾ ਛੋਹੇ ਜਿਥੇ ਸਾਮਰਾਜੀਆਂ ਨੇ ਨਵਾਂ ਸਰਮਾਇਆ ਲਾਇਆ ਹੋਵੇ। ਇਸਦੇ ਨਾਲ ਸਾਮਰਾਜਵਾਦ ਕੌਮੀਕਰਨ ਦੀ ਵਿਰੋਧਤਾ ਨਾ ਕਰਨ ਦੀ ਸ਼ਰਤ ਇਹ ਰਖਦਾ ਹੈ ਕਿ ਉਥੋਂ ਦੀ ਸਰਕਾਰ ਵਲੋਂ ਜਨਤਕ ਲਹਿਰਾਂ ਨੂੰ ਸੀਮਤ ਰਖਿਆ ਜਾਵੇ ਅਤੇ ਜੇ ਲੋੜ ਪਵੇ ਤਾਂ ਕੁਚਲਿਆ ਵੀ ਜਾਵੇ। ਪਰ ਚਿਲੀ ਦੀ ਪਾਪੂਲਰ ਯੂਨਿਟੀ ਸਰਕਾਰ ਜਨਤਾ ਦਾ ਹੇਠੋਂ ਦਬਾਅ ਹੋਣ ਕਰਕੇ, ਇਹ ਕਰਨੋਂ

ਅਸਮਰਥ ਸੀ। ਇਸਦੇ ਨਾਲ ਹੀ ਇਸ ਸਰਕਾਰ ਦੀ ਇਹ ਉਲਝਣ ਸੀ, ਕਿ ਇਹ ਜਨਤਾ ਦੀਆਂ ਉਮੀਦਾਂ ਤੇ ਖਾਹਸ਼ਾਂ ਨੂੰ ਵੀ ਪੂਰਾ ਨਹੀਂ ਸੀ ਕਰ ਸਕਦੀ। ਇਸਦੇ ਇਸ ਵਿਚ-ਵਚਾਲੇਪਣ ਨੇ ਇਸ਼ ਨੂੰ ਫੈਸਲਾਕੁਨ ਕਾਰਵਾਈ ਕਰਨ ਤੋਂ ਰੋਕੀ ਰਖਿਆ ਤੇ ਸਾਮਰਾਜਵਾਦ ਅਤੇ ਇਸਦੀ ਪਿੱਠੂ ਚਿਲੀਅਨ ਬੁਰਜੂਆਜ਼ੀ ਨੂੰ ਹਮਲੇ ਲਈ ਤਿਆਰੀ ਕਰਨ ਦਾ ਵਕਤ ਦਿਤਾ। ਇਸ ਸਰਕਾਰ ਦੇ ਕੇਂਦਰੀਵਾਦ ਵਿਚ ਹੀ ਇਸ ਦੀ ਮੌਤ ਦੇ ਬੀਜ ਲੁਕੇ ਹੋਏ ਸਨ।

ਦੂਸਰਾ ਬਹੁਤ ਵੱਡਾ ਨੁਕਸ ਇਹ ਸੀ ਕਿ ਪਾਪੂਲਰ ਯੂਨਿਟੀ ਦੇ ਪ੍ਰੋਗਰਾਮ ਮੁਤਾਬਕ ਉਨ੍ਹਾਂ ਦੇ ਇਨਕਲਾਬ ਦਾ ਇਹ ਪਹਿਲਾ ਪੜਾਅ ਸਾਮਰਾਜ-ਵਿਰੋਧੀ ਸੀ ਤੇ ਇਸ ਲਈ ਚਿਲੀ ਦੀ ਦੇਸੀ ਬੁਰਜੂਆਜ਼ੀ ਤੇ ਉਹ ਹਮਲਾ ਕਰਨੋਂ ਝਿਜਕਦੇ ਰਹੇ। ਮਜ਼ਦੂਰ ਜਮਾਤ ਦੀ ਬੁਰਜੂਆਜ਼ੀ ਉਤੇ ਹਮਲਾ ਕਰਨ ਦੀ ਪਹਿਲ-ਕਦਮੀ ਨੂੰ ਇਸ ਸਟੇਜਾਂ ਵਾਲੀ ਘਸੀ-ਪਿਟੀ ਥਿਊਰੀ ਨੇ ਰੋਕੀ ਰਖਿਆ। ਬੁਰਜੂਆ ਰਾਜ-ਮਸ਼ੀਨਰੀ ਨੂੰ ਤੋੜਨ ਦੀ ਬਜਾਏ, ਮਜ਼ਦੂਰ ਜਮਾਤ ਦੀਆਂ ਆਪਣੇ ਆਪ ਪੈਦਾ ਹੋਈਆਂ ਸੋਵੀਅਤਾਂ ਨੂੰ ਕਮਜ਼ੋਰ ਕੀਤਾ ਗਿਆ। ਹਰ ਇਨਕਲਾਬੀ ਹਾਲਤ ਵਿਚ, ਇਨਕਲਾਬ ਤੋਂ ਪਹਿਲਾਂ, ਦੌਰਾਨ ਤੇ ਪਿਛੋਂ, ਸੋਵੀਅਤਾਂ ਮਜ਼ਦੂਰ ਜਮਾਤ ਦੀਆਂ ਜਮਹੂਰੀ ਢੰਗ ਨਾਲ ਚੁਣੀਆਂ ਪੈਦਾਵਾਰ ਸਾਂਭਣ, ਵੰਡ ਕਰਨ ਤੇ ਰਾਜ-ਪ੍ਰਬੰਧ ਸਾਂਭਣ ਦੀਆਂ ਸੰਸਥਾਵਾਂ ਹੁੰਦੀਆਂ ਹਨ। ਇਨਕਲਾਬੀ ਪਾਰਟੀ ਇਨ੍ਹਾਂ ਸੋਵੀਅਤਾਂ ਵਿਚ ਭਾਵੇਂ ਘਟ-ਗਿਣਤੀ ਵਿਚ ਵੀ ਹੋਵੇ, ਇਨ੍ਹਾਂ ਨੂੰ ਮਜ਼ਬੂਤ ਕਰਦੀ ਹੈ, ਜਿਵੇਂ ੧੯੧੭ ਦੇ ਰੂਸੀ ਇਨਕਲਾਬ ਵਿਚ ਲੈਨਿਨ ਤੇ ਟਰਾਟਸਕੀ ਦੀ ਅਗਵਾਈ ਵਿਚ ਬਾਲਸ਼ਵਿਕ ਪਾਰਟੀ ਨੇ ਕੀਤਾ ਸੀ। ਸੋਵੀਅਤਾਂ ਮਜ਼ਦੂਰ ਜਮਾਤ ਦੀ ਰਾਜ-ਸ਼ਕਤੀ ਸਾਂਭਣ ਦੀ ਯੋਗਤਾ ਦੀ ਪ੍ਰਤੀਕ ਹੁੰਦੀਆਂ ਹਨ। ਇਨ੍ਹਾਂ ਦਾ ਕਮਜ਼ੋਰ ਹੋਣਾ ਮਜ਼ਦੂਰ ਜਮਾਤ ਦਾ ਰਾਜ-ਸ਼ਕਤੀ ਉਤੇ ਕੰਟਰੋਲ ਘਟਣ ਦਾ ਮਿਆਰ ਹੁੰਦਾ ਹੈ। ਰੂਸ ਵਿਚ ਲੈਨਿਨ ਦੀ ਮੌਤ ਤੋਂ ਬਾਅਦ ਨੌਕਰਸ਼ਾਹੀ ਦਾ ਤਾਕਤ ਵਿਚ ਆਉਣ ਦਾ ਇਕ ਵੱਡਾ ਕਾਰਨ ਇਹ ਸੀ ਕਿ ਸਟਾਲਿਨ ਨੇ ਮਜ਼ਦੂਰ ਜਮਾਤ ਦੀਆਂ ਇਨ੍ਹਾਂ ਜਮਹੂਰੀ ਸੰਸਥਾਵਾਂ ਦੀ ਤਾਕਤ ਨੂੰ ਹੌਲੇ ਹੌਲੇ ਤੋੜਨਾ ਤੇ ਕਮਜ਼ੋਰ ਕਰਨਾ ਸ਼ੁਰੂ ਕਰ ਦਿਤਾ ਸੀ। ਐਲੇਂਡੇ ਸਰਕਾਰ ਨੇ ਇਨ੍ਹਾਂ ਸੋਵੀਅਤਾਂ ਨੂੰ ਤਾਕਤਵਰ ਕਰਨ ਦੀ ਬਜਾਏ ਮੌਜੂਦਾ ਬੁਰਜੂਆ ਫੌਜ ਨੂੰ ਮਜ਼ਬੂਤ ਕਰਨਾ ਸ਼ੁਰੂ ਕੀਤਾ। ਐਲੈਂਡੇ ਦੀ ਸਰਕਾਰ ਇਨਕਲਾਬੀ ਮਾਰਕਸਵਾਦ ਦੇ ਸਬਕ ਭੁਲ ਕੇ ਚਿਲੀ ਦੀ ਫੌਜ ਨੂੰ ਨਿਰਪੱਖ ਤੇ ਗੈਰ-ਸਿਆਸੀ ਸੰਸਥਾ ਸਮਝਦੀ ਰਹੀ, ਇਸ ਦੇ ਹੇਠਲੇ ਤਬਕੇ ਨੂੰ ਇਨਕਲਾਬ ਵਲ ਜਿੱਤਣ ਦੀ ਬਜਾਏ, ਫੌਜ ਦੀ ਉਪਰਲੀ ਅਫਸਰ-ਜੁੰਡਲੀ ਨਾਲ ਸਾਂਝ-ਤਿਆਲਾ ਪਾਉਂਦੀ ਰਹੀ। ਉਧਰ ਸਾਮਰਾਜਵਾਦ ਆਪਣੀਆਂ ਸਾਜ਼ਸ਼ਾਂ ਤੇਜ਼ ਕਰ ਰਿਹਾ ਸੀ। ਇਹ ਗੱਲ ਖਾਸ ਨੋਟ ਕਰਨ ਵਾਲੀ ਹੈ ਕਿ ਜਦੋਂ ਅਮਰੀਕਨ ਸਾਮਰਾਜਵਾਦ ਨੇ ਆਪਣੇ ਸਰਮਾਏ ਦੇ ਕੌਮੀਕਰਨ ਤੋਂ ਖਿਝ ਕੇ ਚਿਲੀ ਨੂੰ ਆਰਥਕ ਮਦਦ ਦੇਣੀ ਬੰਦ ਕਰ ਦਿਤੀ, ਪਰ ਫੌਜ ਨੂੰ ਮਦਦ ਦੇਣੀ ਪੂਰੀ ਜਾਰੀ ਰੱਖੀ। ਸਾਮਰਾਜਵਾਦੀ ਇਹ ਜ਼ਿਆਦਾ ਚੰਗੀ ਤਰ੍ਹਾਂ ਜਾਣਦੇ ਸਨ ਕਿ ਸਮਾਜਵਾਦ ਤੇ ਸਰਮਾਏਦਾਰੀ ਵਿਚ ਅੰਤਮ ਫੈਸਲਾ ਹਥਿਆਰਬੰਦ ਟੱਕਰ ਨੇ ਕਰਨਾ ਹੈ ਅਤੇ ਇਹ ਫੌਜ ਹੀ, ਉਦੋਂ ਉਨ੍ਹਾਂ ਦੇ ਕੰਮ ਆਵੇਗੀ। ਅਕਤੂਬਰ ੧੯੭੧ ਵਿਚ ਤਸ਼ੱਦਦ ਕਰਨ ਵਿਚ ਮਾਹਰ ਨਾਥਨੀਅਲ ਡੇਵੀਸ ਨੂੰ ਸੈਂਤੇਗੋ ਵਿਚ ਅਮਰੀਕਨ ਰਾਜਦੂਤ ਲਗਾ ਦਿਤਾ ਗਿਆ। ਇਸ ਬੰਦੇ ਦੇ ਹੱਥ ਪਹਿਲਾਂ ਗਾਟੇ ਮਾਲਾ ਵਿਚ ਮਜ਼ਦੂਰਾਂ ਦੇ ਖੂਨ ਨਾਲ ਰੰਗੇ ਹੋਏ ਸਨ। ਦਸੰਬਰ ੧੯੭੧ ਵਿਚ ਨਿਕਸਨ ਦੇ ਦੋ ਮਦਦਗਾਰ ਫਿੰਚ ਤੇ ਕਲੇਨ ਚਿਲੀ ਵਿਚ 'ਤਥ-ਢੂੰਡੂ ਮਿਸ਼ਨ' ਦੇ ਤੌਰ ਤੇ ਆਏ, ਉਨ੍ਹਾਂ ਵਾਪਸ ਜਾ ਕੇ ਐਲਾਨ ਕੀਤਾ ਕਿ "ਐਲੈਂਡੇ ਜ਼ਿਆਦਾ ਚਿਰ ਨਹੀਂ ਚਲੇਗਾ।"

ਜਦ ਸਾਮਰਾਜਵਾਦ ਇਹ ਚਾਲਾਂ ਚਲ ਰਿਹਾ ਸੀ ਤਾਂ ਐਲੈਂਡੇ ਸਰਕਾਰ ਨੇ ਕੋਈ ਇਨਕਲਾਬੀ ਸਮਝ ਤੇ ਦੂਰ-ਦਰਸ਼ੀ ਤੋਂ ਕੰਮ ਨਾ ਲਿਆ। ਇਸ ਹਾਲਤ ਵਿਚ ਪਾਪੂਲਰ ਯੂਨਿਟੀ ਸਰਕਾਰ ਅਗੇ ਤਿੰਨ ਰਸਤੇ ਸਨ:

(੧) ਚਿਲੀ ਦੀ ਮਾਸਕੋ-ਪੱਖੀ ਕਮਿਊਨਿਸਟ ਪਾਰਟੀ ਦੇ ਪ੍ਰੋਗਰਾਮ ਮੁਤਾਬਕ ਬੁਰਜੂਆਜ਼ੀ ਨੂੰ ਹੋਰ ਰਿਆਇਤਾਂ ਦੇ ਕੇ ਉਸ ਨਾਲ ਸਮਝੌਤਾ ਕਰ ਲੈਣਾ ਚਾਹੀਦਾ ਸੀ। ਪਰ ਇਹ ਪ੍ਰੋਗਰਾਮ ਨਾਲ ਸੋਸ਼ਲਿਸਟ ਪਾਰਟੀ ਤੇ ਮਾਪੂ (**MAPU**) ਦਾ ਸਰਕਾਰ ਵਿਚ ਰਹਿਣਾ ਮੁਸ਼ਕਲ ਹੁੰਦਾ ਸੀ, ਕਿਉਂ ਕਿ ਉਨ੍ਹਾਂ ਦਾ ਜਨਤਕ ਆਧਾਰ ਇਸ ਜਮਾਤੀ ਭਾਈਵਾਲੀ ਦੇ ਉਲਟ ਬਗਾਵਤ ਕਰ ਉਠਦਾ।

(੨) ਪਾਪੂਲਰ ਯੂਨਿਟੀ ਸਰਕਾਰ ਪੈਦਾਵਾਰ ਤੇ ਵੰਡ ਨੂੰ ਮਜ਼ਦੂਰਾਂ ਦੇ ਹੱਥ ਸੌਂਪਦੀ, ਮਜ਼ਦੂਰਾਂ ਦੀਆਂ ਸੋਵੀਅਤਾਂ ਨੂੰ ਤਾਕਤਵਰ ਕਰਦੀ ਤਾਂ ਕਿ ਇਕ ਬਰਾਬਰ ਦਾ

ਰਾਜ-ਪ੍ਰਬੰਧ ਸਥਾਪਤ ਕਰ ਸਕਦੀ ਅਤੇ ਜਨਤਾ ਦੇ ਸਾਰੇ ਮਿਹਨਤਕਸ਼ ਹਿਸਿਆਂ ਨੂੰ ਫੌਜ ਦੇ ਹੇਠਲੇ ਤਬਕੇ ਨਾਲ ਜੋੜ ਕੇ ਇਕ ਆਜ਼ਾਦ ਨਵੀਂ ਹਥਿਆਰਬੰਦ ਫੌਜ ਖੜੀ ਕਰਦੀ। ਪਰ ਇਹ ਰਸਤਾ ਅਪਨਾਉਣ ਲਈ ਸੁਧਾਰ-ਵਾਦ, ਪਾਰਲੀਮੈਂਟਰੀਵਾਦ, ਬੁਰਜੂਆ ਕਾਨੂੰਨਵਾਦ ਅਤੇ ਸੰਵਿਧਾਨਵਾਦ ਉਤੇ ਲੱਤ ਮਾਰਨੀ ਪੈਂਦੀ ਸੀ, ਜਿਸ ਲਈ ਇਹ ਸਰਕਾਰ ਤਿਆਰ ਨਹੀਂ ਸੀ।

(੩) ਤੀਸਰਾ ਰਸਤਾ ਸੀ ਕੇਂਦਰੀਵਾਦੀ ਰਸਤਾ: ਨਾ ਬੁਰਜੁਆਜ਼ੀ ਅਗੇ ਪੂਰੀ ਤਰ੍ਹਾਂ ਗੋਡੇ ਟੇਕਣਾ ਅਤੇ ਨਾ ਹੀ ਮਜ਼ਦੂਰਾਂ ਦਾ ਨਵਾਂ ਬਰਾਬਰ ਦਾ ਰਾਜ-ਪ੍ਰਬੰਧ ਸਥਾਪਤ ਕਰਨਾ ਤੇ ਨਵੀਂ ਮਜ਼ਦੂਰ ਫੌਜ ਖੜੀ ਕਰਨਾ।

ਪਾਪੂਲਰ ਯੂਨਿਟੀ ਸਰਕਾਰ ਨੇ ਤੀਸਰਾ ਰਸਤਾ ਅਪਣਾਇਆ ਅਤੇ ਇਸਦਾ ਅੰਤ ਸਾਫ ਸੀ: ਹਾਰ ਤੇ ਮੌਤ।

੧੯੭੨ ਦੇ ਅੰਤ ਵਿਚ ਬੁਰਜੁਆਜ਼ੀ ਨੇ ਆਪਣਾ ਹਮਲਾ ਸ਼ੁਰੂ ਕਰ ਦਿਤਾ। 'ਬੁਰਜੁਆਜ਼ੀ ਨੇ ਹੜਤਾਲ' ਕਰ ਦਿਤੀ। ਖਾਣ-ਪੀਣ ਦੀਆਂ ਵਸਤਾਂ ਦੀ ਪੈਦਾਵਾਰ ਰੋਕ ਦਿਤੀ ਤੇ ਕੀਮਤਾਂ ਵਧਣੀਆਂ ਸ਼ੁਰੂ ਹੋ ਗਈਆਂ। ਪੇਟੀ-ਬੁਰਜੁਆਜ਼ੀ ਦਾ ਰੁਖ ਸਜੇ-ਪੱਖ ਵਲ ਹੋਣਾ ਸ਼ੁਰੂ ਹੋ ਗਿਆ ਜਿਸ ਵਿਚ ਦਰਮਿਆਨੇ ਤਬਕੇ ਦੀਆਂ ਥੁੜ ਤੋਂ ਤੰਗ ਆਈਆਂ ਔਰਤਾਂ ਨੇ ਬਹੁਤ ਹਿੱਸਾ ਪਾਇਆ। ਅਕਤੂਬਰ ੭੨ ਤੋਂ ਦਸੰਬਰ ੭੨ ਤਕ ਹਾਲਾਤ ਬਹੁਤ ਹੀ ਬੁਰੇ ਹੋ ਗਏ। ਚਾਰੇ ਪਾਸੇ ਥੁੜ, ਚੋਰ ਬਾਜ਼ਾਰੀ ਤੇ ਇਨਫਲੇਸ਼ਨ ਅਸਮਾਨੀਂ ਚੜ੍ਹ ਗਿਆ। ਮਜ਼ਦੂਰ ਜਮਾਤ ਨੇ ਬੁਰਜੁਆਜ਼ੀ ਦੀ ਹੜਤਾਲ ਦਾ ਠੁਕਵਾਂ ਜੁਆਬ ਦਿਤਾ। ਉਨ੍ਹਾਂ JAP (Supply and Price Control Board) ਬਣਾ ਕੇ ਪੈਦਾਵਾਰ, ਵੰਡ, ਭਾਰ ਤੋਲਣ ਤੇ ਕੀਮਤਾਂ ਨਿਸਚਤ ਕਰਨ ਦੇ ਕਰ ਵਿਭਾਗਾਂ ਤੇ ਕਬਜ਼ਾ ਕਰ ਲਿਆ। ਦਿਨਾਂ ਵਿਚ ਪੈਦਾਵਾਰ ਵਧਣੀ ਸ਼ੁਰੂ ਹੋ ਗਈ, ਜਨਤਾ ਨੂੰ ਰੋਜ਼ਾਨਾ ਜ਼ਰੂਰਤ ਦੀਆਂ ਵਸਤਾਂ ਮਿਲਣੀਆਂ ਸ਼ੁਰੂ ਹੋ ਗਈਆਂ, ਮਜ਼ਦੂਰ ਬਸਤੀਆਂ ਵਾਲੇ ਹਲਕਿਆਂ ਵਿਚ ਚੋਰ-ਬਾਜ਼ਾਰੀ ਬਿਲਕੁਲ ਖਤਮ ਹੋ ਗਈ ਤੇ ਕੀਮਤਾਂ ਵੀ ਗਿਰਨੀਆਂ ਸ਼ੁਰੂ ਹੋ ਗਈਆਂ। ਮਜ਼ਦੂਰ ਜਮਾਤ ਨੂੰ ਆਪਣੀ ਤਾਕਤ ਦਾ ਗਿਆਨ ਹੋਣ ਨਾਲ ਉਸਦਾ ਸਵੈ-ਭਰੋਸਾ ਹੋਰ ਵੀ ਵਧਿਆ ਕਿ ਉਹ ਪੈਦਾ ਕਰਨ ਦੇ ਨਾਲ ਨਾਲ ਵਿਤਰਨ ਵੀ ਕਰ ਸਕਦੇ ਹਨ। ਜੇਪ ਮਜ਼ਦੂਰ ਜਮਾਤ ਦੀਆਂ ਚਿਲੀ ਵਿਚ ਸੋਵੀਅਤਾਂ ਸਨ। ਜੇਪ ਨੂੰ ਸਾਰੇ ਸ਼ਹਿਰਾਂ ਤੇ ਕਸਬਿਆਂ ਵਿਚ ਤਾਕਤਵਰ ਕਰਨ ਦੀ ਬਜਾਏ, ਪਾਪੂਲਰ ਯੂਨਿਟੀ ਸਰਕਾਰ ਦਾ ਸੱਜਾ ਪੱਖ—ਜਿਸਨੂੰ ਮਾਸਕੋ-ਪੱਖੀ ਚਿਲੀਅਨ ਕਮਿਊਨਿਸਟ ਪਾਰਟੀ ਤੇ ਸੋਸ਼ਲਿਸਟ ਪਾਰਟੀ ਦਾ ਸੱਜਾ ਪੱਖ ਪ੍ਰਤਿਨਿਧ ਕਰਦਾ ਸੀ—ਫੈਕਟਰੀਆਂ ਬੁਰਜੁਆਜ਼ੀ ਨੂੰ ਵਾਪਸ ਸੌਂਪਣ ਦੀ ਮੰਗ ਕਰ ਰਿਹਾ ਸੀ। ਜੇਪ ਦੀ ਵਧ ਰਹੀ ਤਾਕਤ ਨੂੰ ਖੱਸੀ ਕਰਨ ਲਈ ਪੁਲੀਸ ਤੇ ਮਿਲਟਰੀ ਅਫਸਰ ਇਨ੍ਹਾਂ ਕਮੇਟੀਆਂ ਦੇ ਮੈਂਬਰ ਬਣਾਉਣੇ ਜ਼ਰੂਰੀ ਕਰ ਦਿਤੇ। ਜਦ ਜੂਨ ੧੯੭੩ ਵਿਚ ਤਾਂਬੇ ਦੀਆਂ ਖਾਣਾਂ ਦੇ ਮਜ਼ਦੂਰ (Inflaction) ਤੋਂ ਤੰਗ ਆਏ ਤਨਖਾਹਾਂ ਵਧਾਉਣ ਲਈ ਹੜਤਾਲ ਤੇ ਗਏ ਤਾਂ ਚਿਲੀਅਨ ਕਮਿਊਨਿਸਟ ਪਾਰਟੀ ਨੇ ਉਨ੍ਹਾਂ ਨੂੰ ਫਾਸਿਜ਼ਮ ਤੇ ਪਿਛਾਖੜ ਦੇ ਏਜੰਟ ਕਹਿ ਕੇ ਨਿੰਦਿਆ ਤੇ ਪਰਚਾਰਿਆ। ਇਹ ਉਹ ਹੀ ਮਜ਼ਦੂਰ ਸਨ ਜਿਨ੍ਹਾਂ ਨੇ ਹਾਲੇ ਤਿੰਨ ਮਹੀਨੇ ਪਹਿਲਾਂ ਮਾਰਚ ੧੯੭੩ ਵਿਚ ੭੦% ਵੋਟਾਂ ਪਾਪੂਲਰ ਯੂਨਿਟੀ ਨੂੰ ਪਾਈਆਂ ਸਨ। ਆਪਣੇ ਉਤੇ ਉਨ੍ਹਾਂ ਦੀ ਆਪਣੀ ਸਰਕਾਰ ਵਲੋਂ ਇਹ ਲਗਾ ਦੋਸ਼ ਸੁਣਕੇ ਖਾਨ ਮਜ਼ਦੂਰ ਕੁਰਲਾਏ ਕਿ ਅਸੀਂ ਪਿਛਾਂਹ-ਖਿੱਚੂ ਨਹੀਂ ਹਾਂ ਅਤੇ ਉਨ੍ਹਾਂ ਐਲਾਨ ਕੀਤਾ ਕਿ ਜੇ ਸਰਕਾਰ ਆਗਿਆ ਦੇਵੇ ਤਾਂ ਉਹ ਸੱਜੇ-ਪੱਖੀ ਪਰਚੇ ਐਲ ਮਰਕੂਰਿਓ (El Mercurio) ਉਤੇ ਕਬਜ਼ਾ ਕਰ ਲੈਣਗੇ। ਦਿਨੋ ਦਿਨ ਫੌਜ ਤਾਕਤ ਫੜਦੀ ਗਈ ਤੇ ਮਜ਼ਦੂਰ ਤਾਕਤ ਸੰਸਥਾਵਾਂ ਨੂੰ ਕਮਜ਼ੋਰ ਕੀਤਾ ਗਿਆ। ਮਜ਼ਦੂਰ ਜਮਾਤ ਉਤੇ ਉਦੋਂ ਸਭ ਤੋਂ ਮਾਰੂ ਹਮਲਾ ਕੀਤਾ ਗਿਆ ਜਦੋਂ ਸਰਕਾਰ ਨੇ ਪੁਲੀਸ ਅਤੇ ਫੌਜ ਦੀ ਇਹ ਮੰਗ ਮੰਨ ਲਈ ਕਿ ਉਹ ਹਥਿਆਰਬੰਦ ਮਜ਼ਦੂਰ ਗਰੁੱਪਾਂ ਦੀ ਨਿਗਰਾਨੀ ਰਖ ਸਕਦੇ ਹਨ ਅਤੇ ਜੇ ਲੋੜ ਪਏ ਤਾਂ ਤਲਾਸ਼ੀ ਲੈ ਕੇ ਹਥਿਆਰ ਜ਼ਬਤ ਕਰ ਸਕਦੇ ਹਨ। ਚਾਂਬਲੀ ਹੋਈ ਫੌਜ ਦੇ (Second Armoured Regiment) ਨੇ ੨੯ ਜੂਨ, ੧੯੭੩ ਨੂੰ ਮੋਨੇਦਾ ਮਹੱਲ ਉਤੇ ਹਮਲਾ ਕਰ ਦਿਤਾ ਤੇ ਰਾਜ ਪਲਟਾਉਣ ਦਾ ਅਸਫਲ ਯਤਨ ਕੀਤਾ ਮਜ਼ਦੂਰ ਜਮਾਤ ਦਾ ਰੋਹ ਤੇ ਗੁਸਾ ਇਸ ਫੌਜੀ ਕਰਵਾਈ ਕਰਕੇ ਝਲਿਆ ਨਹੀਂ ਸੀ ਜਾਂਦਾ। ੨੯ ਜੂਨ ਦੀ ਸ਼ਾਮ ਨੂੰ ਦਸ ਲੱਖ ਮਜ਼ਦੂਰਾਂ ਨੇ ਮੋਨੇਦਾ ਮਹੱਲ ਅਗੇ ਰੋਹ ਭਰਿਆ ਮਾਰਚ ਕੀਤਾ ਤੇ ਮੰਗ ਕੀਤੀ ਕਿ "ਐਲੈਂਡੇ ਪਾਰਲੀਮੈਂਟ ਭੰਗ ਕਰੋ ਤੇ ਸਾਜ਼ਸ਼ੀਆਂ ਨੂੰ ਫਾਂਸੀ ਚੜ੍ਹਾਓ।" ਪਰ ਐਲੈਂਡੇ ਇਸਦੇ ਉਲਟ ਫੌਜ ਦੀ ਬਹੁ-ਗਿਣਤੀ ਦੀ ਵਫਾਦਾਰੀ ਵਲ ਧਿਆਨ ਦੁਆਉਣ

ਵਿਚ ਲਗਾ ਰਿਹਾ। ੨੯ ਜੂਨ ਦੀ ਰਾਜ-ਪਲਟੇ ਦੀ ਕੋਸ਼ਿਸ਼ ਬੁਰਜ਼ੁਆਜੀ ਦੀ ਇਕ ਰਿਹਰਸਲ ਸੀ ਅਤੇ ਇਹ ਵੀ ਜ਼ਾਹਰ ਸੀ ਮਜ਼ਦੂਰ ਜਮਾਤ ਸਰਕਾਰ ਬਚਾਉਣ ਲਈ ਹਰ ਕੁਰਬਾਨੀ ਕਰਨ ਲਈ ਤਿਆਰ ਸੀ। ਪਰ ਸਰਕਾਰ ਨੇ ਮਜ਼ਦੂਰਾਂ ਨੂੰ ਜਥੇਬੰਦ ਕਰਨ ਲਈ ਕੁਝ ਨਾ ਕੀਤਾ ਤੇ ਫੌਜ ਦੀ ਨਿਰਪੱਖਤਾ ਦਾ ਢੋਲ ਵਜਾਉਂਦੀ ਰਹੀ। ੨੫ ਜੁਲਾਈ ਨੂੰ ਬੁਰਜ਼ੁਆਜੀ ਨੇ ਇਕ ਵਾਰ ਫਿਰ ਹਮਲਾ ਕੀਤਾ। ਇਸ ਵਾਰ ਟਰੱਕ ਮਾਲਕਾਂ ਨੇ ਸਾਰੇ ਚਿਲੀ ਵਿਚ ਹੜਤਾਲ ਕਰ ਦਿਤੀ ਤੇ ਚਿਲੀ ਦੀ ਆਰਥਿਕਤਾ ਦਾ ਨੱਕ ਵਿਚ ਦੰਮ ਲਿਆ ਦਿਤਾ। ਜੇ ਨਕਸ਼ੇ ਵਿਚ ਵੇਖਿਆ ਜਾਏ ਤਾਂ ਪਤਾ ਲਗੇਗਾ ਕਿ ਚਿਲੀ ਇਕ ਲੰਬੀ ਸੜਕ ਵਾਂਗ ਫੈਲਿਆ ਹੋਇਆ ਹੈ ਅਤੇ ਆਵਾਜਾਈ ਤੇ ਸੰਚਾਰ ਦਾ ਵਿਭਾਗ ਆਰਥਿਕਤਾ ਦਾ ਬਹੁਤ ਨਾਜ਼ਕ ਹਿੱਸਾ ਹੈ। ਸਰਕਾਰ ਨੇ ਇਸ ਵਿਭਾਗ ਦਾ ਕੌਮੀਕਰਨ ਕਰਕੇ ਮਜ਼ਦੂਰਾਂ ਨੂੰ ਸੌਂਪਣ ਦੀ ਬਜਾਏ, ਬੁਰਜ਼ੁਆਜੀ ਅਗੇ ਗੋਡੇ ਟੇਕ ਦਿਤੇ। ਹਾਲਾਤ ਦਿਨੋ-ਦਿਨ ਵਿਗੜ ਰਹੇ ਸਨ। ਮਜ਼ਦੂਰ ਜਮਾਤ ਆਉਣ ਵਾਲੇ ਫੌਜੀ ਹਮਲੇ ਬਾਰੇ ਚੇਤੰਨ ਹੋ ਰਹੀ ਸੀ। ਰਾਜਪਲਟੇ ਤੋਂ ਇਕ ਹਫਤਾ ਪਹਿਲਾਂ ੪ ਦਸੰਬਰ, ੧੯੭੩ ਨੂੰ ਪਾਪੂਲਰ ਯੂਨਿਟੀ ਦੇ ੮ ਲੱਖ ਹਮਾਇਤੀ ਮਜ਼ਦੂਰਾਂ ਨੇ ਚਿਲੀ ਦੇ ਤਜਰਬੇ ਦੀ ਤੀਜੀ ਵਰ੍ਹੇ-ਗੰਢ ਮਨਾਉਣ ਲਈ ਮੋਨੇਦਾ ਮਹੱਲ ਅਗੇ ਮੁਜ਼ਾਹਰਾ ਕੀਤਾ। ਮਜ਼ਦੂਰਾਂ ਦੇ ਨਾਹਰੇ ਸਨ—"ਐਲੇਂਡੇ, ਲੋਕੀਂ ਤੇਰੇ ਪਿੱਛੇ ਹਨ, ਪਿਛਾਂਹ-ਖਿੱਚੂਆਂ ਨੂੰ ਕੁਚਲ ਦੇ। ਐਲੇਂਡੇ, ਸਾਨੂੰ ਹਥਿਆਰ ਦੇ, ਅਸੀਂ ਤੇਰੀ ਰਾਖੀ ਕਰਾਂਗੇ।" ਜਨਤਾ ਅਗਵਾਈ ਲਈ ਕੁਰਲਾ ਰਹੀ ਸੀ ਜੋ ਕਦੇ ਨਾ ਮਿਲੀ। ਅਤੇ ਜਿਸ ਤਰ੍ਹਾਂ ਅਮਰੀਕਾ ਦੇ ਖੱਬੇ ਪੱਖੀ ਮਾਸਕ **(Ramports)** ਵਿਚ ਬੈਟੀ ਤੇ ਜੇਮਜ਼ ਪੈਟਰਾਜ ਜੋ ਰਾਜ-ਪਲਟੇ ਤੋਂ ਕੁਝ ਦਿਨ ਪਹਿਲਾਂ ਸੈਂਟੇਗੋ ਵਿਚ ਸਨ, ਲਿਖਦੇ ਹਨ—"ਐਲੇਂਡੇ ਅਖੀਰਲੇ ਦਿਨਾਂ ਵਿਚ ਉਨ੍ਹਾਂ ਹੀ ਲੋਕਾਂ ਨਾਲ ਸਮਝੌਤੇ ਕਰ ਰਿਹਾ ਸੀ ਜਿਨ੍ਹਾਂ ਨੇ ਕੁਝ ਦਿਨਾਂ ਬਾਦ ਉਸਦੀ ਹਿੱਕ ਤੇ ਬੰਦੂਕ ਦੀ ਨੋਕ ਰਖਣੀ ਸੀ।" **(Ramports,** ਨਵੰਬਰ, ੧੯੭੩)

ਆਖੀਰ ਬੁਰਜ਼ੁਆਜੀ ਨੇ ਸਾਰੇ ਪਲੜੇ ਤੋਲ ਕੇ ੧੧ ਸਤੰਬਰ ਨੂੰ ਰਾਜ ਪਲਟਾ ਦਿਤਾ। ਮਰ ਰਹੇ ਪ੍ਰਧਾਨ ਐਲੇਂਡੇ ਦੇ ਹੱਥ ਵਿਚ ਬੰਦੂਕ ਸੀ, ਉਹ ਲੜਦਾ ਹੋਇਆ ਇਕ ਸ਼ਹੀਦ ਦੀ ਮੌਤ ਮਰਿਆ। ਪਰ ਕਾਸ਼! ਇਹੀ ਬੰਦੂਕ ਉਹ ਕੁਝ ਮਹੀਨੇ ਪਹਿਲਾਂ ਚੁਕ ਲੈਂਦਾ ਤੇ ਚਿਲੀ ਦਾ ਆਉਣ ਵਾਲਾ ਇਤਿਹਾਸ ਕੁਝ ਹੋਰ ਹੁੰਦਾ। ਸ਼ਾਇਦ ਮਰ ਰਿਹਾ ਐਲੇਂਡੇ ਆਖਰੀ ਪਲਾਂ ਵਿਚ ਸੋਚ ਰਿਹਾ ਹੋਵੇਗਾ ਕਿ ਆਖਰ ਹਥਿਆਰ ਚੁੱਕਣੇ ਹੀ ਪਏ, 'ਸਮਾਜਵਾਦ ਦਾ ਚਿਲੀ ਵਾਲਾ ਸ਼ਾਂਤਮਈ ਰਾਹ' ਆਖੀਰ ਝੂਠਾ ਤੇ ਆਤਮਘਾਤੀ ਹੀ ਨਿਕਲਿਆ।

**ਇਨਕਲਾਬੀ ਸਬਕ** : ਚਿਲੀ ਵਿਚ ਮਜ਼ਦੂਰ ਜਮਾਤ ਦੀ ਇਨਕਲਾਬੀ ਅਗਵਾਈ ਦੀ ਅਣਹੋਂਦ ਕਰਕੇ ਕੁਝ ਸਮੇਂ ਲਈ ਹਾਰ ਹੋਈ ਹੈ। ਇਨਕਲਾਬੀ ਮਾਰਕਸਵਾਦੀ ਇਸ ਹਾਰ ਤੋਂ ਘਾਬਰਦੇ ਨਹੀਂ, ਸਗੋਂ ਉਹ ਇਹ ਬਿਨਾ ਝਿਜਕ ਕਹਿੰਦੇ ਹਨ ਕਿ ਇਹ ਹਾਰ ਇਕ ਵਾਰ ਫਿਰ ਮਾਰਕਸਵਾਦ ਦੇ ਬੁਨਿਆਦੀ ਸਿਧਾਂਤਕ ਤੇ ਅਮਲੀ ਅਸੂਲਾਂ ਦੀ ਸਚਾਈ ਦੀ ਪੁਸ਼ਟੀ ਕਰਦੀ ਹੈ। ਅਸੀਂ ਸਮਝਦੇ ਹਾਂ ਕਿ ਇਸ ਪ੍ਰਸੰਗ ਵਿਚ ਹੇਠ ਲਿਖੇ ਸਬਕਾਂ ਨੂੰ ਸਮਝਣਾ ਬਹੁਤ ਜ਼ਰੂਰੀ ਹੈ :

(੧) ਕੇਂਦਰੀਵਾਦ ਤੇ ਸਿੱਧੇ-ਸਾਫ ਸੁਧਾਰਵਾਦ ਵਿਚ ਫਰਕ ਸਮਝਣਾ ਬਹੁਤ ਜ਼ਰੂਰੀ ਹੈ। ਐਲੇਂਡੇ ਸੁਧਾਰਵਾਦੀ ਨਹੀਂ ਸੀ, ਉਹ ਕੇਂਦਰੀਵਾਦੀ ਸੀ। ਸੁਧਾਰਵਾਦ ਸ਼ੁਰੂ ਤੋਂ ਹੀ ਮਿਹਨਤਕਸ਼ ਜਨਤਾ ਦੇ ਖਾੜਕੂ ਹਿਸਿਆਂ ਵਿਚ ਆਪਣੀ ਜਮਾਤੀ-ਭਾਈਵਾਲੀ ਦੀ ਸਿਆਸਤ ਕਰਕੇ ਨੰਗਾ ਤੇ ਬਦਨਾਮ ਹੁੰਦਾ ਹੈ। ਇਸ ਦੇ ਉਲਟ ਕੇਂਦਰੀਵਾਦ ਦਾ ਇਹ ਖਾਸਾ ਹੁੰਦਾ ਹੈ ਕਿ ਇਹ ਇਨਕਲਾਬੀ ਨਾਹਰੇ-ਬਾਜ਼ੀ ਮਾਰਦਾ ਹੈ ਅਤੇ ਇਸ ਦੇ ਕੁਝ ਹਿਸੇ ਹਥਿਆਰਬੰਦ ਸੰਘਰਸ਼ ਦੀ ਵੀ ਗੱਲ ਕਰਦੇ ਹਨ। ਕੇਂਦਰੀਵਾਦ ਆਪਣੀ ਇਨਕਲਾਬੀ ਨਾਹਰੇਬਾਜ਼ੀ ਨਾਲ ਜਨਤਾ ਦੇ ਕੁਝ ਖਾੜਕੂ ਹਿਸਿਆਂ ਨੂੰ ਆਪਣੀਆਂ ਸਫਾਂ ਵਿਚ ਜਿੱਤਣ ਵਿਚ ਕਾਮਯਾਬ ਹੋ ਜਾਂਦਾ ਹੈ ਅਤੇ ਇਨ੍ਹਾਂ ਖਾੜਕੂ ਹਿਸਿਆਂ ਦੀ ਹਾਜ਼ਰੀ ਇਸ ਨੂੰ ਨੰਗਾ ਚਿੱਟਾ ਸੁਧਾਰਵਾਦੀ ਪ੍ਰੋਗਰਾਮ ਨਾ ਬਨਾਉਣ ਲਈ ਵੀ ਮਜਬੂਰ ਕਰਦੀ ਹੈ। ਪਰ ਕੇਂਦਰੀਵਾਦ ਵਿਚ ਛੁਪਿਆ ਸੁਧਾਰਵਾਦ ਇਕ ਖਾਸ ਹਾਲਤ ਅਤੇ ਇਤਿਹਾਸ ਦੇ ਅਹਿਮ ਮੋੜ ਉਤੇ ਆ ਕੇ ਨੰਗਾ ਹੋ ਜਾਂਦਾ ਹੈ। ਜਦੋਂ ਮਜ਼ਦੂਰ ਜਮਾਤ ਇਨਕਲਾਬੀ ਅਗਵਾਈ ਲਈ ਪੁਕਾਰ ਰਹੀ ਹੁੰਦੀ ਹੈ, ਜਨਤਾ ਵਿਚ ਇਨਕਲਾਬ ਇਕ ਚਾਹਨਾ ਬਣ ਗਿਆ ਹੁੰਦਾ ਹੈ, ਕੇਂਦਰੀਵਾਦੀ ਲੀਡਰਸ਼ਿਪ ਇਸ ਫੈਸਲਾਕੁਨ ਘੜੀ ਲਈ ਤਿਆਰੀ-ਰਹਿਤ ਹੋਣ ਕਰਕੇ ਘਾਬਰਦੀ, ਡਰਦੀ ਤੇ ਥਿੜਕਦੀ ਹੈ ਤੇ ਅਖੀਰ ਉਤੇ ਹਾਰ ਕੇ ਪਿਛਾਂਹ ਨੂੰ ਰੁਖ

ਕਰਦੀ ਹੈ। ਜਨਤਾ ਦਾ ਇਨਕਲਾਬੀ ਹਿੱਸਾ ਸਹੀ ਅਗਵਾਈ ਦੀ ਅਣਹੋਂਦ ਵਿਚ ਖੱਬੇ-ਪੱਖੀ ਮਾਹਰਕੇਬਾਜ਼ੀ ਦਾ ਸ਼ਿਕਾਰ ਹੋ ਜਾਂਦਾ ਹੈ, ਸੱਜਾ ਪੱਖ ਡਰ ਕੇ ਹਾਰ ਮੰਨ ਲੈਂਦਾ ਹੈ ਅਤੇ ਇਨਕਲਾਬ ਦੀ ਹਾਰ ਮਜ਼ਦੂਰ ਜਮਾਤ ਦੇ ਖ਼ੂਨ ਵਿਚ ਡੁੱਬ ਜਾਂਦੀ ਹੈ। ਭਾਰਤ ਵਿਚ ਇਨਕਲਾਬੀ ਮਾਰਕਸਵਾਦੀਆਂ ਲਈ ਕੇਂਦਰੀਵਾਦ ਦਾ ਖ਼ਾਸਾ ਸਮਝਣਾ ਬਹੁਤ ਜ਼ਰੂਰੀ ਹੈ। ਭਾਰਤ ਦੀ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਐਲੈਂਡੇ ਦੀ ਸੋਸ਼ਲਿਸਟ ਪਾਰਟੀ ਦਾ ਹੀ ਇਕ ਘਟੀਆ ਸੱਜੇ-ਪੱਖੀ ਰੂਪ ਹੈ। ਫ਼ਰਕ ਸਿਰਫ਼ ਇਤਨਾ ਹੈ ਕਿ ਜਿਥੇ ਐਲੈਂਡੇ ਨੇ ਆਪਣੇ ਰਾਜ ਵਿਚ ਮੀਰ (MIR) ਇਨਕਲਾਬੀ ਜਥੇਬੰਦੀ ਦੇ ਮੈਂਬਰਾਂ ਨੂੰ ਸਿਰਫ਼ ਤੰਗ ਹੀ ਕੀਤਾ, ਉਥੇ ਜਿਊਤੀ ਬਾਸੂ ਤੇ CPM ਨੇ ਆਪਣੇ ਰਾਜ ਵਿਚ ਨਕਸਲਬਾੜੀ ਦਾ ਰਾਹ ਠੀਕ ਮੰਨਣ ਵਾਲੇ ਖਾੜਕੂ ਕੇਡਰਾਂ ਨੂੰ ਕਤਲ ਕੀਤਾ। ਭਾਰਤ ਵਿਚ ਕਈ ਨਕਸਲਬਾੜੀ ਗਰੁਪ ਵੀ ਕੇਂਦਰੀਵਾਦ ਦਾ ਖੱਬੇ-ਪੱਖੀ ਰੂਪ ਹੀ ਹਨ, ਕਿਉਂਕਿ ਭਾਵੇਂ ਉਹ ਨਾਹਰਾ ਹਥਿਆਰਬੰਦ ਇਨਕਲਾਬ ਦਾ ਮਾਰਦੇ ਹਨ, ਪਰ ਅਮਲ ਵਿਚ ਉਹ ਮਜ਼ਦੂਰ ਜਮਾਤ ਦੇ ਇਨਕਲਾਬੀ ਆਗੂ ਰੋਲ ਨੂੰ ਨਹੀਂ ਸਮਝਦੇ ਅਤੇ ਇਸ ਕਰਕੇ ਅੱਜ ਭਾਰਤ ਵਿਚ ਵਧ ਰਹੀ ਮਜ਼ਦੂਰ ਮਿਲੀਟੈਂਸੀ ਨੂੰ ਸੰਗਠਤ ਕਰਨ ਦਾ ਕੰਮ ਬਿਲਕੁਲ ਛੱਡ ਚੁਕੇ ਹਨ।

(੨) ਇਨਕਲਾਬ ਨੂੰ ਸਿਰੇ ਚਾੜ੍ਹਨ ਲਈ ਲੈਨਿਨਵਾਦੀ ਪਾਰਟੀ ਦੇ ਸੰਕਲਪ ਦੀ ਮਹਾਨਤਾ ਸਮਝਣ ਦੀ ਬਹੁਤ ਜ਼ਰੂਰਤ ਹੈ। ਲੈਨਿਨਵਾਦੀ ਪਾਰਟੀ ਮਜ਼ਦੂਰ ਜਮਾਤ ਦੇ ਸਭ ਤੋਂ ਅਗੇ-ਵਧੂ, ਸੁਚੇਤ ਤੇ ਖਾੜਕੂ ਹਿਸਿਆਂ ਦੀ ਸੰਗਠਨ ਸੰਸਥਾ ਹੁੰਦੀ ਹੈ। ਇਹ ਪਾਰਟੀ ਜਥੇਬੰਦਕ ਤੌਰ ਤੇ ਅਸਪਾਤ ਦੀ ਤਰ੍ਹਾਂ ਮਜ਼ਬੂਤ ਅਤੇ ਬਦਲਦੇ ਹਾਲਾਤਾਂ ਮੁਤਾਬਕ ਦਾਅ-ਪੇਚ ਬਦਲਣ ਲਈ ਰਬੜ ਦੀ ਤਰ੍ਹਾਂ ਲਚਕਦਾਰ ਹੁੰਦੀ ਹੈ। ਚਿਲੀ ਵਿਚ ਇਸ ਲੈਨਿਨਵਾਦੀ ਪਾਰਟੀ ਦੀ ਅਣਹੋਂਦ ਹੀ ਸੀ ਕਿ ਮਜ਼ਦੂਰ ਜਮਾਤ ਦੀ ਤੇਜ਼ ਹੋ ਰਹੀ ਮਿਲੀਟੈਂਸੀ ਨੂੰ ਕੋਈ ਅਗਵਾਈ ਨਾ ਮਿਲ ਸਕੀ। ਰੋਜ਼ਾ ਲਗਜ਼ਮਬਰਗ ਇਕ ਮਹਾਨ ਇਨਕਲਾਬੀ ਤੇ ਵਿਚਾਰਵਾਨ ਹੋਣ ਦੇ ਬਾਵਜੂਦ, ਇਨਕਲਾਬ ਲਈ ਬਾਹਰਮੁਖੀ ਤੇ ਅੰਤਰਮੁਖੀ ਤਾਕਤਾਂ ਦੇ ਤਿਆਰ ਹੋਣ ਦੇ ਬਾਵਜੂਦ, ੧੯੧੯ ਵਿਚ ਜਰਮਨੀ ਦੀ ਮਜ਼ਦੂਰ ਜਮਾਤ ਨੂੰ ਇਨਕਲਾਬੀ ਜਿੱਤ ਦੀ ਮੰਜ਼ਲ ਤਕ ਨਾ ਲਿਜਾ ਸਕੀ, ਕਿਉਂਕਿ ਉਹ ਲੈਨਿਨਵਾਦੀ ਪਾਰਟੀ ਦੀ ਮਹਾਨਤਾ ਨੂੰ ਮੰਨਣ ਦੀ ਬਜਾਏ, ਇਸ ਦੀ ਸਖ਼ਤ ਵਿਰੋਧਤਾ ਕਰਦੀ ਰਹੀ।

(੩) ਲੈਨਿਨ ਦੇ 'ਰਾਜ ਅਤੇ ਇਨਕਲਾਬ' ਵਿਚ ਦਿਤੇ ਸਬਕਾਂ ਨੂੰ ਦੁਬਾਰਾ ਦੁਹਰਾਉਣ ਦੀ ਲੋੜ ਹੈ। ਇਸ ਪ੍ਰਸੰਗ ਵਿਚ ਲੈਨਿਨ ਤੇ ਟ੍ਰਾਟਸਕੀ ਦੀਆਂ ਅਕਤੂਬਰ ਇਨਕਲਾਬ ਦੇ ਅਮਲੀ ਪ੍ਰਸੰਗ ਵਿਚ ਲਿਖੀਆਂ ਲਿਖਤਾਂ ਸਮਝਣ ਤੇ ਪੜ੍ਹਨ ਦੀ ਲੋੜ ਹੈ। ਮਜ਼ਦੂਰ ਜਮਾਤ ਆਪਣਾ ਰਾਜ ਉਨਾ ਚਿਰ ਪੱਕਾ ਸਥਾਪਤ ਨਹੀਂ ਕਰ ਸਕਦੀ, ਜਿੰਨਾ ਚਿਰ ਤਕ ਮੌਜੂਦਾ ਰਾਜ-ਮਸ਼ੀਨਰੀ ਦੇ ਪੁਰਜ਼ਿਆਂ ਫੌਜ, ਪੁਲੀਸ, ਕਚਹਿਰੀਆਂ, ਜੇਲ੍ਹਾਂ ਤੇ ਨੌਕਰਸ਼ਾਹੀ ਨੂੰ ਭੰਨਿਆ ਨਹੀਂ ਜਾਂਦਾ ਅਤੇ ਉਸ ਦੇ ਨਾਲ ਹੀ ਮਜ਼ਦੂਰ ਜਮਾਤ ਦੀਆਂ ਆਪਣੀਆਂ ਸੋਵੀਅਤਾਂ ਖੜੀਆਂ ਨਹੀਂ ਕਰਦੀ। ਇਸ ਸਬੰਧ ਵਿਚ ਪਾਰਲੀਮੈਂਟ ਬਾਰੇ ਜਿਥੇ ਸੋਧਵਾਦੀ-ਸੁਧਾਰਵਾਦੀ ਨਜ਼ਰੀਏ ਨੂੰ ਨੰਗਾ ਕਰਨ ਦੀ ਲੋੜ ਹੈ, ਉਥੇ ਖੱਬੇ-ਪੱਖੀ ਮਾਹਰਕੇਬਾਜ਼ੀ ਵੀ ਤਿਆਗਣ ਦੀ ਲੋੜ ਹੈ। ਇਸ ਮਾਮਲੇ ਵਿਚ ਲੈਨਿਨਵਾਦੀ ਪੁਜ਼ੀਸ਼ਨ ਸਮਝਣ ਦੀ ਬਹੁਤ ਜ਼ਰੂਰਤ ਹੈ ਕਿ ਜੇ ਪਾਰਲੀਮੈਂਟ, ਚੋਣਾਂ ਜਾਂ ਕਿਸੇ ਵੀ ਬੁਰਜੂਆ ਸੰਸਥਾ ਵਿਚ ਸ਼ਾਮਲ ਹੋਣਾ ਮਜ਼ਦੂਰ ਜਮਾਤ ਦੇ ਪਾਰਲੀਮੈਂਟ ਤੋਂ ਬਾਹਰ ਗੈਰ-ਸੰਵਿਧਾਨਿਕ ਤੇ ਗੈਰ-ਕਾਨੂੰਨੀ ਸੰਘਰਸ਼ ਦੀ ਮਦਦ ਕਰਦਾ ਹੈ ਤਾਂ ਇਨ੍ਹਾਂ ਵਿਚ ਸ਼ਾਮਲ ਹੋਣਾ ਜ਼ਰੂਰੀ ਹੀ ਨਹੀਂ, ਬਲਕਿ ਇਨਕਲਾਬੀ ਪਾਰਟੀ ਦਾ ਫ਼ਰਜ਼ ਬਣਦਾ ਹੈ। ਸਟਾਲਨਵਾਦੀ-ਸੁਧਾਰਵਾਦੀਆਂ ਨੇ ਇਸ ਫ਼ਾਰਮੂਲੇ ਨੂੰ ਉਲਟਾ ਦਿਤਾ ਹੈ, ਉਹ ਹਰ ਗੈਰ-ਸੰਵਿਧਾਨਿਕ ਤੇ ਗੈਰ-ਪਾਰਲੀਮੈਂਟਰੀ ਸੰਘਰਸ਼ ਕਰਦੇ ਹਨ, ਜੋ ਪਾਰਲੀਮੈਂਟਰੀ ਚੋਣਾਂ ਲਈ ਸਹਾਈ ਹੁੰਦਾ ਹੈ। ਪਾਰਲੀਮੈਂਟ ਵਿਚ ਸ਼ਾਮਲ ਨਾ ਹੋਣਾ ਇਕ tactical ਸਵਾਲ ਹੈ। ਇਸ ਬਾਰੇ ਫੈਸਲਾ ਇਕ ਇਨਕਲਾਬੀ ਪਾਰਟੀ ਠੋਸ ਹਕੀਕਤਾਂ ਦੀ ਸਮਝ ਦੇ ਆਧਾਰ ਉਤੇ ਕਰਦੀ ਹੈ। ਇਸ ਬਾਰੇ ਹਰ ਜਗ੍ਹਾ ਤੇ ਹਰ ਸਮੇਂ ਲਈ ਕੋਈ general ਸਿਧਾਂਤ ਨਹੀਂ ਬਣਾਇਆ ਜਾ ਸਕਦਾ। ਐਲੈਂਡੇ ਆਪਣੀ ਪਾਰਲੀਮੈਂਟ ਵਿਚ ਜਿੱਤ ਨੂੰ ਇਨਕਲਾਬ ਨੂੰ ਅੱਗੇ ਲਿਜਾਣ ਲਈ ਵਰਤ ਸਕਦਾ ਸੀ। ਪਾਰਲੀਮੈਂਟ ਵਿਚ ਉਸ ਦੀ ਜਿੱਤ ਤੋਂ ਬਾਅਦ ਚਿਲੀ ਵਿਚ ਦੋ-ਭਾਂਤੀ ਤਾਕਤ (Duel Power) ਸੀ। ਬੁਰਜੂਆਜ਼ੀ ਵੀ ਜ਼ਿੰਦਾ ਤੇ ਤਾਕਤਵਰ ਸੀ, ਮਜ਼ਦੂਰ ਜਮਾਤ ਵੀ ਸੰਗਠਤ ਸੀ। ਅਖੀਰਲਾਂ ਫੈਸਲਾ ਦੋ-ਭਾਂਤੀ ਤਾਕਤ ਦੇ ਅਗਾਂਹ ਜਾਂ ਪਿਛਾਂਹ ਜਾਣ ਨੇ ਕਰਨਾ ਸੀ, ਕਿਉਂਕਿ ਦੋ-ਭਾਂਤੀ ਤਾਕਤ ਕਦੇ ਵੀ ਸਥਾਈ ਨਹੀਂ ਹੁੰਦੀ ਤੇ ਸਿਰਫ਼ transitional phase ਹੁੰਦੀ ਹੈ। ਜੇ ਦੋ-ਭਾਂਤੀ ਤਾਕਤ ਅਗਾਂਹ ਵਲ ਵਧਦੀ ਹੈ ਤਾਂ ਸੋਸ਼ਲਿਜ਼ਮ, ਜੇ ਪਿਛਾਂਹ ਵਲ ਮੁੜਦੀ ਹੈ ਤਾਂ ਫ਼ਾਸਿਜ਼ਮ ਤੇ ਬੁਰਜੂਆ

ਰੂਲ। ਤੀਜਾ ਰਾਹ ਕੋਈ ਨਹੀਂ। ਜੇ ਐਲੈਂਡੇ ਸਰਕਾਰ ਮਿਹਨਤਕਸ਼ ਜਨਤਾ ਨੂੰ ਹਥਿਆਰਬੰਦ ਕਰਦੀ, ਉਨ੍ਹਾਂ ਨੂੰ ਰਾਜਨੀਤਕ, ਸਿਧਾਂਤਕ, ਜਥੇਬੰਦਕ ਤੇ ਟੈਕਨੀਕਲੀ ਬੁਰਜੂਆ ਰਾਜ-ਮਸ਼ੀਨਰੀ ਤੇ ਸੱਟ ਮਾਰਨ ਲਈ ਤਿਆਰ ਕਰਦੀ ਮਜ਼ਦੂਰਾਂ ਦੀਆਂ ਚੁਣੀਆਂ ਸੋਵੀਅਤਾਂ ਨੂੰ ਇਕ ਬਰਾਬਰ ਦੀ ਰਾਜ-ਪ੍ਰਬੰਧਕ ਮਸ਼ੀਨਰੀ ਦੇ ਤੌਰ ਤੇ ਤਾਕਤਵਰ ਕਰਦੀ, ਫ਼ੌਜ ਦੇ ਹੇਠਲੇ ਹਿਸੇ ਨੂੰ ਟਰੇਡ ਯੂਨੀਅਨਾਂ ਬਨਾਉਣ ਤੇ ਸਿਆਸੀ ਪਾਰਟੀਆਂ ਦਾ ਮੈਂਬਰ ਬਣਨ ਦਾ ਹੱਕ ਦੇ ਕੇ ਉਪਰਲੀ ਅਫ਼ਸਰ-ਜੁੰਡਲੀ ਨਾਲੋਂ ਤੋੜਦੀ ਤਾਂ ਦੋ-ਭਾਂਤੀ ਤਾਕਤ ਦੀ **transition** ਸੋਸ਼ਲਿਜ਼ਮ ਵਲ ਜਾਣੀ ਸੀ। ਇਸ ਤਰ੍ਹਾਂ ਨਾ ਕਰਨ ਦੀ ਹਾਲਤ ਵਿਚ ਪਿਛਾਂਹ ਵਲ, ਫਾਸ਼ਿਜ਼ਮ ਵਲ ਜਾਣੀ ਸੀ ਤੇ ਉਹੀ ਹੋਇਆ।

(੪) ਅੰਤਰ-ਰਾਸ਼ਟਰੀ ਵਫ਼ਾਦਾਰੀ ਬਾਰੇ ਵੀ ਦੋ ਲਫਜ਼ ਜ਼ਰੂਰੀ ਹਨ। ਜੇ ਭਾਰਤ ਤੇ ਲੰਕਾ ਵੀਹਵੀਂ ਸਦੀ ਦੇ ਸਤਵੇਂ ਦਹਾਕੇ ਵਿਚ ਖੱਬੇ-ਪੱਖੀ ਮਾਹਰਕੇਬਾਜ਼ੀ ਦੀ ਅਸਫਲਤਾ ਦੀ ਉਦਾਹਰਣ ਹਨ ਤਾਂ ਇੰਡੋਨੇਸ਼ੀਆ ੧੯੬੫ ਵਿਚ ਤੇ ਚਿਲੀ ੧੯੭੩ ਵਿਚ ਕੇਂਦਰੀਵਾਦ ਦੀ ਅਸਫਲਤਾ ਦੀ ਉਦਾਹਰਣ ਹਨ। ਜੇ ਚਿਲੀ ਵਿਚ ਕੇਂਦਰਵਾਦ ਮਾਸਕੋ ਵਲ ਹਮਦਰਦੀ-ਭਰੇ ਝੁਕਾਅ ਦਾ ਨਤੀਜਾ ਸੀ ਤਾਂ ਇੰਡੋਨੇਸ਼ੀਆ ਵਿਚ ਕੇਂਦਰੀਵਾਦ ਚੀਨ ਦੀ ਕਮਿਊਨਿਸਟ ਪਾਰਟੀ ਨੂੰ ਆਪਣਾ ਆਗੂ ਮੰਨ ਕੇ ਵੀ ਆਪਣਾ ਖਾਸਾ ਨਾ ਲੁਕਾ ਸਕਿਆ। ਇਹ ਦੋ ਉਦਾਹਰਣਾਂ ਸਾਨੂੰ ਇਕ ਬਹੁਤ ਵੱਡਾ ਇਨਕਲਾਬੀ ਸਬਕ ਦਿੰਦੀਆਂ ਹਨ ਕਿ ਕੋਈ ਪਾਰਟੀ ਜਾਂ ਗਰੁੱਪ ਇਸ ਲਈ ਇਨਕਲਾਬੀ ਨਹੀਂ ਹੁੰਦਾ ਕਿ ਉਹ ਕਿਸੇ ਅੰਤਰ-ਰਾਸ਼ਟਰੀ ਪਾਰਟੀ ਦੀ ਅਗਵਾਈ ਨੂੰ ਮੰਨਦਾ ਹੈ, ਸਗੋਂ ਇਸ ਕਰਕੇ ਕਿ ਆਪਣੇ ਦੇਸ਼ ਦੀਆਂ ਠੋਸ ਹਾਲਤਾਂ ਵਿਚ ਜਮਾਤਾਂ ਦੇ ਤੋਲ ਨੂੰ ਸਮਝ ਕੇ ਮਜ਼ਦੂਰ ਜਮਾਤ ਨੂੰ ਰਾਜਸੀ ਤਾਕਤ ਜਿੱਤਣ ਲਈ ਸਹੀ ਤਿਆਰ ਕਿਵੇਂ ਕਰਦਾ ਹੈ।

(੫) ਲੀਓਨ ਟ੍ਰਾਟਸਕੀ ਦੇ ਰੂਸੀ ਇਨਕਲਾਬ ਦੇ ਪ੍ਰਸੰਗ ਵਿਚ ਸਟਾਲਿਨਵਾਦੀ-ਨੌਕਰਸ਼ਾਹੀ ਦੇ ਸਿਧਾਂਤ 'ਇਕੋ ਦੇਸ਼ ਵਿਚ ਸਮਾਜਵਾਦ' ਦੇ ਉਲਟ ਨਿਰੰਤਰ ਇਨਕਲਾਬ ਦੇ ਸਿਧਾਂਤ ਦੀ ਪੁਸ਼ਟੀ ਵੀ ਚਿਲੀ ਦੀ ਉਦਾਹਰਣ ਕਰਦੀ ਹੈ। ਟ੍ਰਾਟਸਕੀ ਨੇ ਜੋ ੧੯੦੫, ੧੯੧੭ ਤੇ ੧੯੪੦ ਦੇ ਪ੍ਰਸੰਗ ਵਿਚ ਕਿਹਾ ਸੀ ਉਹ ਅੱਜ ਹੋਰ ਵੀ ਦਰੁਸਤ ਤੇ ਢੁਕਵਾਂ ਹੈ ਕਿ "ਅੱਜ ਦੇ ਯੁਗ ਵਿਚ ਜਦੋਂ ਪੈਦਾਵਾਰੀ ਸ਼ਕਤੀਆਂ ਅੰਤਰ-ਰਾਸ਼ਟਰੀ ਪੱਧਰ ਤੇ ਉਨਤ ਹੋ ਚੁਕੀਆਂ ਹਨ ਤੇ ਦੁਨੀਆਂ ਭਰ ਦੇ ਤਮਾਮ ਦੇਸ਼ ਇਕ ਦੂਜੇ ਨਾਲ ਹਜ਼ਾਰਾਂ ਆਰਥਕ ਤੇ ਟੈਕਨਾਲੋਜੀਕਲ ਕੜੀਆਂ ਨਾਲ ਜੁੜੇ ਹੋਏ ਹਨ, ਉਥੇ ਸਮਾਜਵਾਦ ਇਕ ਦੇਸ਼ ਵਿਚ ਪੂਰਾ ਸਿਰੇ ਨਹੀਂ ਚਾੜ੍ਹਿਆ ਜਾ ਸਕਦਾ।"

(Leon Trolsky, Permanent Rervolution & Results and Prospects, Pathfindes Press) PP 275-280

ਟ੍ਰਾਟਸਕੀ ਦੇ ਇਹ ਸਾਇੰਟੇਫਿਕ ਵਿਚਾਰ ਅਜ ਹੋਰ ਵੀ ਜ਼ਿਆਦਾ ਸੱਚੇ ਹਨ ਕਿ ਜਿੰਨਾ ਚਿਰ ਇਕ ਨਵ-ਜਨਮੇ ਸਮਾਜਵਾਦ ਵਧ ਰਹੇ ਦੇਸ਼ ਦੀ ਮਦਦ ਲਈ ਉਸ ਦੇਸ਼ ਦੇ ਗੁਆਂਢੀ ਮੁਲਕਾਂ ਵਿਚ ਇਨਕਲਾਬ ਨਹੀਂ ਆਉਂਦਾ, ਉਸ ਦੇਸ਼ ਵਿਚ ਸਮਾਜਵਾਦ ਦੀ ਤਰੱਕੀ ਲਈ ਬੜੀਆਂ ਆਰਥਿਕ ਤੇ ਰਾਜਨੀਤਕ ਮੁਸ਼ਕਲਾਂ ਪੈਦਾ ਹੋਣੀਆਂ ਸ਼ੁਰੂ ਹੋ ਜਾਣਗੀਆਂ। ਜੇ ਇਕ ਦੇਸ਼ ਵਿਚ ਇਨਕਲਾਬ ਬਹੁਤ ਦੇਰ ਤਕ ਦੂਜੇ ਦੇਸ਼ਾਂ ਤੇ ਇਨਕਲਾਬਾਂ ਤੋਂ ਟੁਟਿਆ ਰਹੇ ਤੇ ਉਹ ਸਰਮਾਏਦਾਰੀ ਦੇਸ਼ਾਂ ਵਿਚ ਘਿਰਿਆ ਰਹੇ ਤਾਂ ਉਥੇ ਸਮਾਜਵਾਦ ਗਿਰਾਵਟ ਵਲ ਜਾਣਾ ਸ਼ੁਰੂ ਹੋ ਜਾਏਗਾ ਤੇ ਸਮਾਂ ਪਾ ਕੇ ਨਵੀਂ ਸਟੇਟ ਸਰਮਾਏਦਾਰੀ ਤਾਕਤ ਵਿਚ ਆ ਜਾਏਗੀ। ਜਿਵੇਂ ਰੂਸ ਵਿਚ ਹੋਇਆ ਹੈ। ਚੀਨ ਸਰਕਾਰ ਦੀਆਂ ਕੁਝ ਗਲਤ ਵਿਦੇਸ਼ੀ ਪਾਲਸੀਆਂ ਤੇ ਸਰਮਾਏਦਾਰੀ ਦੇਸ਼ਾਂ ਨਾਲ ਵਪਾਰਕ ਤੇ ਆਰਥਕ ਸਮਝੌਤੇ, ਚੀਨੀ ਇਨਕਲਾਬ ਦੇ ਚਾਰੇ ਪਾਸਿਉਂ ਸਰਮਾਏਦਾਰੀ ਦੇਸ਼ਾਂ ਨਾਲ ਘਿਰੇ ਹੋਣ ਦੀਆਂ ਅਤੇ ਗੁਆਂਢੀ ਮੁਲਕਾਂ ਵਿਚ ਇਨਕਲਾਬ ਦੀ ਜਿਤ ਰੁਕੇ ਹੋਣ ਦੀਆਂ ਮਜਬੂਰੀਆਂ ਦਾ ਹੀ ਸਿੱਟਾ ਹਨ। ਇਸ ਲਈ ਚੀਨੀ ਇਨਕਲਾਬ ਨੂੰ ਪੱਕਾ (Permanent) ਕਰਨ ਲਈ ਅਤੇ ਜੇ ਭਵਿਖ ਵਿਚ ਆਉਣ ਵਾਲੇ ਦੋ ਦਹਾਕਿਆਂ ਵਿਚ ਇਨਕਲਾਬ ਯੂਰਪ ਦੇ ਕਿਸੇ ਉੱਨਤ ਸਰਮਾਏਦਾਰੀ ਦੇਸ਼ ਵਿਚ ਆਵੇ ਜਾਂ ਲਾਤੀਨੀ ਅਮਰੀਕਾ, ਏਸ਼ੀਆ ਜਾਂ ਅਫਰੀਕਾ ਦੇ ਪਛੜੇ ਸਰਮਾਏਦਾਰੀ ਦੇਸ਼ਾਂ ਵਿਚ ਆਵੇ, ਉਥੋਂ ਦੀ ਇਨਕਲਾਬੀ ਸਰਕਾਰ ਨੂੰ ਆਪਣਾ ਇਨਕਲਾਬ ਚਿਰ-ਸਥਾਈ ਤੇ ਪੱਕਾ ਕਰਨ ਲਈ ਦੂਜੇ ਗੁਆਂਢੀ ਦੇਸ਼ਾਂ ਵਿਚ ਇਨਕਲਾਬ ਦੀ ਮਦਦ ਕਰਨਾ ਅਤਿਅੰਤ ਜ਼ਰੂਰੀ ਹੈ।

ਟਰਾਟਸਕੀ ਦੇ ਇਸ ਸਾਇੰਟੇਫਿਕ ਵਿਚਾਰ ਦੀ ਪੁਸ਼ਟੀ ਵੀ ਚਿਲੀ ਦੀ ਉਦਾਹਰਣ ਤੋਂ ਹੁੰਦੀ ਹੈ ਕਿ ਮਜ਼ਦੂਰ ਜਮਾਤ ਇਨਕਲਾਬ ਨੂੰ ਪੱਕੇ ਪੈਰੀਂ ਸਿਰਫ ਸਮਾਜਵਾਦੀ ਇਨਕਲਾਬ ਦਾ ਪ੍ਰੋਗਰਾਮ ਬਣਾ ਕੇ ਕਰ ਸਕਦੀ ਹੈ। ਜਮਹੂਰੀ ਇਨਕਲਾਬ ਅੱਡ ਵੱਖਰੀ ਸਟੇਜ ਨਹੀਂ ਬਣ ਸਕਦਾ, ਉਹ ਸਮਾਜਵਾਦੀ ਇਨਕਲਾਬ ਦੇ ਵੱਡੇ Perspective ਦਾ ਹੀ ਭਾਗ ਹੋ ਸਕਦਾ ਹੈ। (ਵਿਸਥਾਰ ਲਈ ਪੜ੍ਹੋ, Permanent Revolution)

ਅਤੇ ਅੰਤ ਵਿਚ ਕੁਝ ਸ਼ਬਦ ਚਿਲੀ ਵਿਚ ਹੁਣ ਦੀ ਹਾਲਾਤ ਬਾਰੇ ਵੀ। ਦਸੰਬਰ, ੧੯੭੩ ਤਕ ਪੁਜੀਆਂ ਕੁਝ ਰਿਪੋਰਟਾਂ ਮੁਤਾਬਿਕ ਚਿਲੀ ਵਿਚ ੧੫ ਹਜ਼ਾਰ ਤੋਂ ੨੦ ਹਜ਼ਾਰ ਤਕ ਪਾਪੂਲਰ ਯੂਨਿਟੀ ਦੇ ਹਮਦਰਦਾਂ ਦਾ ਕਤਲ ਕੀਤਾ ਜਾ ਚੁਕਾ ਹੈ। ਮਜ਼ਦੂਰ ਜਮਾਤ ਦੀਆਂ ਆਰਥਕ ਹੱਕ ਮੰਗਣ ਵਾਲੀਆਂ ਜਥੇ-ਬੰਦੀਆਂ, ਟਰੇਡ ਯੂਨੀਅਨਾਂ ਉਤੇ ਫਾਸੀ ਹਮਲੇ ਕਰਕੇ ਤੋੜਿਆ ਜਾ ਰਿਹਾ ਹੈ। ਪਰ ਫਿਰ ਵੀ ਸੈਂਤੈਂਗੋ ਦੇ ਕੁਝ ਉਦਯੋਗੀ ਕਸਬਿਆਂ ਵਿਚ ਹਥਿਆਰਬੰਦ ਮਜ਼ਦੂਰਾਂ ਦੇ ਦਸਤੇ ਫਿਰ ਜਥੇਬੰਦ ਹੋ ਰਹੇ ਹਨ। ਪਿੰਡਾਂ ਵਿਚ ਖੇਤ-ਮਜ਼ਦੂਰ ਤੇ ਗਰੀਬ ਕਿਸਾਨੀ ਫਿਰ ਜਥੇਬੰਦ ਹੋ ਰਹੀ ਹੈ। ਇਨ੍ਹਾਂ ਹਥਿਆਰਬੰਦ ਦਸਤਿਆਂ ਦੀ ਅਗਵਾਈ ਸੋਸ਼ਲਿਸਟ ਪਾਰਟੀ ਦੇ ਖਾੜਕੂ ਹਿਸੇ, ਕਮਿਊਨਿਸਟ ਪਾਰਟੀ ਦੇ ਕੁਝ ਬਚੇ-ਖੁਚੇ ਖਾੜਕੂ ਮੈਂਬਰ ਤੇ ਸਭ ਤੋਂ ਵਧ MIR (Movement of the Revolutionary left) ਕਰ ਰਹੇ ਹਨ। MIR ਕੁਝ ਘਾਟਾਂ ਦੇ ਬਾਵਜੂਦ, ਇਕ ਇਨਕਲਾਬੀ ਜਥੇਬੰਦੀ ਹੈ ਜਿਸ ਵਿਚ ਮਾਰਕਸਵਾਦੀ ਸਿਆਸਤ ਦੇ ਸਾਰੇ ਇਨਕਲਾਬੀ ਅੰਸ਼-ਟਰਾਟਸਕੀਵਾਦੀ, ਮਾਓਵਾਦੀ ਤੇ ਅਰਾਜਕਵਾਦੀ ਸ਼ਾਮਲ ਹਨ। ਇਸ ਜਥੇਬੰਦੀ ਦਾ ਨਾਹਰਾ ਹੈ ਸਮਾਜਵਾਦੀ ਇਨਕਲਾਬ ਜਿਥੇ ਕਿ ਉਥੋਂ ਦੀ ਕਮਿਊਨਿਸਟ ਪਾਰਟੀ ਦਾ ਨਾਹਰਾ ਹੈ: ਬੁਰਜੂਆ ਡੈਮੋਕਰੇਸੀ। ਬੁਰਜੂਆ ਜਮਹੂਰੀ ਹਕ ਚਿਲੀ ਵਿਚ ਸਿਰਫ ਸਮਾਜਵਾਦੀ ਇਨਕਲਾਬ ਦੇ ਵੱਡੇ (Overall Perspective) ਵਿਚ ਹੀ ਜਿਤੇ ਜਾ ਸਕਦੇ ਹਨ, ਉਸ ਤੋਂ ਪਹਿਲਾਂ ਜਾਂ ਅਲਗ ਨਹੀਂ। ਚਿਲੀ ਵਿਚ ਹੁਣ ਯੁਧ ਬੁਰਜੂਆ ਡੈਮੋਕਰੇਸੀ ਤੇ ਫਾਸਿਜ਼ਮ ਵਿਚ ਨਹੀਂ, ਇਹ ਫਾਸਿਜ਼ਮ ਤੇ ਸਮਾਜਵਾਦ ਵਿਚ ਹੈ। ਚਿਲੀ ਦੀ ਮਜ਼ਦੂਰ ਜਮਾਤ ਇਸ ਵਾਰ ਆਪਣਾ ਖੂਨ ਬੁਰਜੂਆ ਡੈਮੋਕਰੇਸੀ ਲਈ ਨਹੀਂ ਸਗੋਂ ਸਮਾਜਵਾਦ ਲਈ ਵਹਾਏਗੀ।

o

## ਚਿਲੀ ਦਾ ਦੁਖਾਂਤ ਕੀ ਸਿਖਾਉਂਦਾ ਹੈ ?

—ਸੁਧਾਕਰ ਰੈਡੀ

ਜਿਸ ਸਮੇਂ ਚਿਲੀ ਦੇ ਲੋਕ ਆਪਣੀ ਧਰਤੀ ਉਤੇ ਫੌਜੀ ਜੁੰਡਲੀ ਵਿਰੁਧ ਲੜਾਈ ਵਿਚ ਰੁਝੇ ਹੋਏ ਸਨ ਉਸ ਸਮੇਂ 'ਚਿਲੀ ਦੀਆਂ ਘਟਨਾਵਾਂ ਦੇ ਸਬਕ' ਦੇ ਨਾਂ ਹੇਠ ਸਮੁਚੇ ਸਰਮਾਏਦਾਰ ਪ੍ਰੈਸ ਵਿਚ ਵਿਸ਼ੇਸ਼ ਹਿਤਾਂ ਵਲੋਂ ਬਹੁਤ ਸਾਰੇ ਹੈਰਾਨਕੁਨ ਸਿਧਾਂਤ ਪੇਸ਼ ਕੀਤੇ ਜਾ ਰਹੇ ਹਨ। ਸੁਭਾਵਕ ਤੌਰ ਤੇ ਮਾਰਕਸੀ, ਨਕਸਲਬਾੜੀਏ ਤੇ ਦੇਸ਼ ਵਿਚਲੇ ਹੋਰ ਅਤਿ ਦੇ ਖੱਬੂ ਅਨਸਰ, ਜਿਹੜੇ ਕਿ ਹੁਣ ਇਸ ਕੰਮ ਵਿਚ ਲੱਗੇ ਹੋਏ ਹਨ, ਬਾਰ ਬਾਰ ਹਥਿਆਰਬੰਦ ਘੋਲ ਨੂੰ ਸਮਾਜੀ ਤਬਦੀਲੀ ਲਈ ਘੋਲ ਦੀ ਇਕੋ ਇਕ ਸ਼ਕਲ ਵਜੋਂ ਪੇਸ਼ ਕਰ ਰਹੇ ਹਨ।

ਇਹ ਜਾਣ ਕੇ ਦੁੱਖ ਹੁੰਦਾ ਹੈ ਕਿ ਇਹਨਾਂ ਆਪੇ ਹੀ ਸਜੇ ਇਨਕਲਾਬੀਆਂ ਦੇ ਕੁਝ ਹਿੱਸੇ, ਚਿਲੀ ਵਿਚ ਫਾਸਿਸਟ ਜੁੰਡਲੀ ਦੇ ਕੁਕਰਮਾਂ ਵਿਰੁਧ ਗੁਸੇ ਅਤੇ ਰੋਹ ਜ਼ਾਹਿਰ ਕਰਨ ਦੀ ਬਜਾਇ, ਚਿਲੀ ਵਿਚ ਉਲਟ ਇਨਕਲਾਬ ਦੀ ਸਫਲਤਾ ਉਤੇ ਖੁਸ਼ ਹੋ ਰਹੇ ਹਨ ਅਤੇ ਇਸ ਨੂੰ 'ਅਟੱਲ ਨਾਕਾਮਯਾਬੀ' ਵਜੋਂ ਬਿਆਨ ਕਰਦੇ ਹਨ। ਉਹ ਖੁਸ਼ ਹਨ ਕਿ ਉਹਨਾਂ ਨੂੰ ਇਹ ਸਿੱਧ ਕਰਨ ਦਾ ਮੌਕਾ ਮਿਲ ਗਿਆ ਹੈ ਕਿ ਉਹਨਾਂ ਦਾ ਇਹ ਸਿਧਾਂਤ ਕਿ ਸਿਆਸੀ ਤਾਕਤ ਸਿਰਫ ਬੰਦੂਕ ਦੀ ਨਾਲੀ ਵਿਚੋਂ ਨਿਕਲਦੀ ਹੈ, ਠੀਕ ਹੈ।

### ਚਿਲੀ ਦੀਆਂ ਘਟਨਾਵਾਂ ਦੀ ਤੋੜ ਮਰੋੜ

ਨਿਊਯਾਰਕ ਦੇ 'ਟਾਇਮ' ਮੈਗਜ਼ੀਨ ਤੋਂ ਲੈ ਕੇ ਕਲਕੱਤੇ ਦੇ 'ਅੰਮ੍ਰਿਤ ਬਜ਼ਾਰ ਪੱਤ੍ਰਿਕਾ' ਤਕ ਸਰਮਾਏਦਾਰ ਪ੍ਰੈਸ ਉਚੇਚੀ ਥਾਂ ਦੇ ਕੇ ਇਹ ਛਾਪ ਰਿਹਾ ਹੈ ਕਿ ਸਿਰਫ ਹਥਿਆਰਬੰਦ ਇਨਕਲਾਬ ਨਾਲ ਹੀ ਸਮਾਜੀ ਤਬਦੀਲੀ ਹੋ ਸਕਦੀ ਹੈ। ਉਹ ਇਹ ਇਕ ਵੱਖਰੇ ਮੰਤਵ ਨਾਲ ਕਰ ਰਹੇ ਹਨ। ਸਪੱਸ਼ਟ ਹੈ ਕਿ ਉਹ ਅਜਿਹਾ ਇਨਕਲਾਬ ਨਾਲ ਪਿਆਰ ਕਰ ਕੇ ਨਹੀਂ ਕਰ ਰਹੇ।

ਨਵੀਂ ਪੀੜ੍ਹੀ ਨੂੰ ਚਿਲੀ ਦੀਆਂ ਘਟਨਾਵਾਂ ਦਾ ਧਿਆਨ ਪੂਰਬਕ ਵਿਸ਼ਲੇਸ਼ਨ ਕਰਨਾ ਚਾਹੀਦਾ ਹੈ ਅਤੇ ਸਹੀ ਨਤੀਜਿਆਂ ਉਤੇ ਪੁੱਜਣਾ ਚਾਹੀਦਾ ਹੈ।

ਸਭ ਤੋਂ ਪਹਿਲਾਂ ਚਿਲੀ ਦੀ, ਪਾਪੂਲਰ ਯੂਨਿਟੀ ਸਰਕਾਰ ਦੀਆਂ ਸਾਰੇ ਸੰਭਵ ਜਮਹੂਰੀ ਸਾਧਨਾਂ ਨੂੰ ਵਰਤਣ ਅਤੇ ਅੰਦਰੂਨੀ ਜੰਗ ਨੂੰ ਟਾਲਣ ਦੀਆਂ ਕੋਸ਼ਿਸ਼ਾਂ ਨੂੰ ਠੀਕ ਪ੍ਰਸੰਗ ਵਿਚ ਰੱਖ ਕੇ ਸਮਝਣਾ ਚਾਹੀਦਾ ਹੈ।

ਜੇਕਰ ਚਿੱਲੀ ਦੀ ਮਜ਼ਦੂਰ ਜਮਾਤ ਪਾਰਲੀਮੈਂਟ ਅਤੇ ਬੁਰਜੂਆ ਜਮਹੂਰੀਅਤ ਨੂੰ ਵਰਤਣ ਤੋਂ ਇਨਕਾਰ ਕਰ ਦਿੰਦੀ ਤਾਂ ਉਸਦੀ ਚੋਣਾਂ ਵਿਚ ਹਮਾਇਤ 36.3 ਪ੍ਰਤੀਸ਼ਤ ਤੋਂ ਵਧ ਕੇ 43.6 ਪ੍ਰਤੀਸ਼ਤ ਕਿਵੇਂ ਹੋ ਜਾਂਦੀ ਅਤੇ ਉਹ ਇਕ ਸ਼ਕਤੀਸ਼ਾਲੀ ਤਾਕਤ ਕਿਵੇਂ ਬਣਦੀ। ਹੁਣ ਵੀ ਆਰਜ਼ੀ ਧੱਕੇ ਤੋਂ ਬਾਦ, ਖੱਬੀਆਂ ਅਤੇ ਜਮਹੂਰੀ ਤਾਕਤਾਂ ਫੌਜੀ ਜੁੰਡਲੀ ਵਿਰੁਧ ਸਾਂਝੇ ਅੰਡਰ-ਗਰਾਊਂਡ ਹਥਿਆਰ-ਬੰਦ ਟਾਕਰੇ ਨੂੰ ਜਥੇਬੰਦ ਕਰ ਰਹੀਆਂ ਹਨ। ਠੀਕ ਇਸ ਹਕੀਕਤ ਸਦਕੇ ਹੀ ਇਹ ਸੰਭਵ ਹੋਇਆ ਹੈ ਕਿ ਚਿੱਲੀ ਦੇ ਲੋਕ ਪੂਰੀ ਤਰ੍ਹਾਂ ਸਮਝਦੇ ਹਨ ਕਿ ਪੁਰਅਮਨ ਤਬਦੀਲੀ ਦੀਆਂ ਕੋਸ਼ਿਸ਼ਾਂ ਅਜ਼ਮਾਈਆਂ ਗਈਆਂ ਹਨ, ਪਰ ਅਸਫਲ ਹੋ ਗਈਆਂ।

ਬੀਤੇ ਸਮੇਂ ਵਿਚ ਸਰਮਾਏਦਾਰੀ ਨੂੰ ਉਲਟਾਉਣ ਲਈ ਬਹੁਤ ਸਾਰੇ ਹਥਿਆਰਬੰਦ ਘੋਲ ਹੋਏ ਹਨ ਅਤੇ ਕੁਝ ਸੰਸਾਰ ਦੇ ਕਈ ਹਿੱਸਿਆਂ ਵਿਚ ਅਜ ਵੀ ਜਾਰੀ ਹਨ। ਉਹਨਾਂ ਵਿਚੋਂ ਕੁਝ ਸਫਲ ਹੋਏ ਹਨ, ਜਦੋਂ ਕਿ ਕੁਝ ਜਿੱਤ ਵਲ ਅੱਗੇ ਵਧ ਰਹੇ ਹਨ ਅਤੇ ਕੁਝ ਹੋਰ ਫੇਲ੍ਹ ਹੋਏ ਹਨ। ਇਹ ਹੁਣੇ ਹੀ ਵੀਅਤਨਾਮ ਵਿਚ ਸਫਲ ਹੋਇਆ ਹੈ ਅਤੇ ਲਾਊਸ, ਕੰਬੋਡੀਆ, ਗਿਨੀ-ਬਸਾਊ ਅਤੇ ਹੋਰ ਪੁਰਤਗੇਜ਼ੀ ਬਸਤੀਆਂ ਵਿਚ ਇਹ ਸਫਲ ਹੋ ਰਿਹਾ ਹੈ।

ਦੱਖਣੀ ਅਫਰੀਕਾ ਅਤੇ ਦੱਖਣੀ ਰੁਡੇਸ਼ੀਆ ਦੀਆਂ ਨਕਸਲਵਾਦੀ ਹਕੂਮਤਾਂ ਵਰੁਧ ਬਹਾਦਰਾਨਾ ਹਥਿਆਰਬੰਦ ਘੋਲ ਹੋ ਰਿਹਾ ਹੈ ਅਤੇ ਲਾਤੀਨੀ ਅਮਰੀਕਾ ਦੇ ਬਹੁਤ ਸਾਰੇ ਦੇਸ਼ਾਂ ਵਿਚ ਜਿਥੇ ਜਮਹੂਰੀਅਤ ਨੂੰ ਪੈਰਾਂ ਹੇਠ ਦਰੜਿਆ ਜਾ ਰਿਹਾ ਹੈ, ਹਥਿਆਰਬੰਦ ਬਗਾਵਤਾਂ ਹੋਈਆਂ ਹਨ। ਪਰੰਤੂ ਅਜਿਹੇ ਦੇਸ਼ ਵੀ ਹਨ ਜਿਥੇ ਹਥਿਆਰਬੰਦ ਘੋਲ ਫੇਲ੍ਹ ਹੋਏ ਹਨ। ਇਹ ਥਾਈਲੈਂਡ, ਮਲੇਸ਼ੀਆ, ਬਰਮਾ, ਫਿਲਪਾਈਨ, ਯੂਨਾਨ ਅਤੇ ਹਿੰਦ ਵਿਚ ਵੀ ਫੇਲ੍ਹ ਹੋਏ ਹਨ। ਇਹ ਕਈ ਲਾਤੀਨੀ ਅਮਰੀਕਾ ਦੇ ਦੇਸ਼ਾਂ ਵਿਚ ਵੀ ਫੇਲ੍ਹ ਹੋਏ ਹਨ।

ਪ੍ਰੰਤੂ ਇਹਨਾਂ ਤੋਂ ਕੀ ਸਬਕ ਕਢਿਆ ਜਾਵੇ ? ਜਿਨ੍ਹਾਂ ਦੇਸ਼ਾਂ ਵਿਚ ਹਥਿਆਰਬੰਦ ਬਗਾਵਤ ਸਫਲ ਹੋਈ ਹੈ, ਉਥੇ ਘੋਲ ਦੇ ਇਸ ਰੂਪ ਨੂੰ ਅਖਤਿਆਰ ਕਰਨ ਲਈ ਬਾਹਰਮੁਖੀ ਹਾਲਤਾਂ ਕਾਇਮ ਸਨ, ਪਰੰਤੂ ਜਿਹਨਾਂ ਦੇਸ਼ਾਂ ਵਿਚ ਹਾਲਤਾਂ ਇਸ ਲਈ ਲੋੜੀਂਦੀਆਂ ਪੱਕੀਆਂ ਨਹੀਂ ਸਨ, ਪ੍ਰੰਤੂ ਹਥਿਆਰਬੰਦ ਘੋਲ ਸ਼ੁਰੂ ਕਰ ਦਿਤਾ ਗਿਆ। ਉਥੇ ਨਾ ਸਿਰਫ ਇਹ ਫੇਲ੍ਹ ਹੋਇਆ ਹੈ, ਪ੍ਰੰਤੂ ਇਸ ਦਾ ਨਤੀਜਾ ਇਨਕਲਾਬੀ ਲਹਿਰ ਲਈ ਗੰਭੀਰ ਧੱਕੇ ਅਤੇ ਇਨਕਲਾਬੀ ਤਾਕਤਾਂ ਦੀਆਂ ਸਫ਼ਾਂ ਵਿਚ ਫੁਟ ਅਤੇ ਦੁਫੇੜ ਵਿਚ ਨਿਕਲਿਆ ਹੈ। ਇਸ ਲਈ ਸਾਡਾ ਵਿਸ਼ਵਾਸ ਹੈ ਕਿ ਇਨਕਲਾਬ ਦੀ ਸ਼ਕਲ ਅਤੇ ਖਾਸਾ ਸਮੇਤ ਹਥਿਆਰਬੰਦ ਘੋਲ ਦੇ, ਹਰ ਥਾਂ ਏਜੰਡੇ ਉਤੇ ਹੋਵੇਗਾ, ਪ੍ਰੰਤੂ ਇਸ ਦਾ ਫੈਸਲਾ ਸੰਬੰਧਤ ਦੇਸ਼ਾਂ ਦੀਆਂ ਬਾਹਰਮੁਖੀ ਹਾਲਤਾਂ ਨੂੰ ਧਿਆਨ ਵਿਚ ਰਖ ਕੇ ਕੀਤਾ ਜਾਣਾ ਚਾਹੀਦਾ ਹੈ ਜਿਹੜੀਆਂ ਕਿ ਇਕ ਦੇਸ਼ ਦੀਆਂ ਦੂਜੇ ਦੇਸ਼ ਤੋਂ ਵੱਖਰੀਆਂ ਹਨ।

ਇਹ ਬਿਆਨ ਕਰਨਾ ਹਕੀਕਤਾਂ ਦੀ ਤੋੜ ਮਰੋੜ ਤੋਂ ਵਧ ਕੁਝ ਨਹੀਂ ਹੈ ਕਿ ਕੌਮਾਂਤਰੀ ਕਮਿਊਨਿਸਟ ਲਹਿਰ ਦੇ ਚਿੱਲੀ ਦੇ ਤਜਰਬੇ ਦਾ ਅੰਤ ਨਾਕਾਮਯਾਬੀ ਵਿਚ ਹੋਇਆ ਹੈ। ਇਹ ਸਿਰਫ ਇਕ ਤਜਰਬਾ ਹੀ ਨਹੀਂ ਸੀ, ਸਗੋਂ ਦਿੱਤੇ ਹੋਏ ਇਤਿਹਾਸਕ ਪ੍ਰਸੰਗ ਵਿਚ ਉਸ ਦੇਸ਼ ਲਈ ਘੋਲ ਦੀ ਇਕ ਸ਼ਕਲ ਸੀ। ਜਿਉਂ ਹੀ ਅੱਜ ਹਾਲਤ ਬਦਲ ਗਈ ਹੈ, ਚਿਲੀ ਇਨਕਲਾਬ ਨੇ ਦੂਸਰੀ ਸ਼ਕਲ ਅਖਤਿਆਰ ਕਰ ਲਈ ਹੈ।

ਚਿਲੀ ਦੀ "ਪਾਪੂਲਰ ਯੂਨਿਟੀ ਗੌਰਮਿੰਟ" ਵਲੋਂ ਕੀਤੀਆਂ ਗਈਆਂ ਕੁਝ ਗਲਤੀਆਂ ਅੱਜ ਫੌਜ ਨੇ ਵੇਖ ਲਈਆਂ ਹਨ। ਧਿਆਨ ਕਾਰ ਕੀਤਾ ਗਿਆ ਵਿਸ਼ਲੇਸ਼ਨ ਹਮੇਸ਼ਾ ਠੀਕ ਸਿਟਿਆਂ ਉਤੇ ਪਹੁੰਚਣ ਵਿਚ ਮਦਦ ਕਰਨਾ ਹੈ।

## ਅਲੰਡੇ ਵਲੋਂ ਕੀਤੇ ਗਏ ਕੰਮ

ਆਰਥਿਕ ਸੰਕਟ ਨਾਲ ਦੋ ਚਾਰ ਹੋਈ ਫੌਜੀ ਜੁੰਡਲੀ ਅੱਜ ਅਲੰਡੇ ਸਰਕਾਰ ਦੀਆਂ ਨੀਤੀਆਂ ਉਪਰ ਦੋਸ਼ ਥੱਪਣ ਦੇ ਯਤਨ ਕਰ ਰਹੀ ਹੈ। ਅਤਿਵਾਦੀ ਤਾਂ ਇਹ ਵੰਗਾਰ ਲੈਣ ਤਕ ਜਾਂਦੇ ਹਨ ਕਿ ਅਲੰਡੇ ਰਾਜ ਦੌਰਾਨ ਲੋਕਾਂ ਨੂੰ ਕੁਝ ਨਹੀਂ ਮਿਲਿਆ।

ਅਲੰਡੇ ਸਰਕਾਰ ਨੇ ਕੌਮੀ ਆਰਥਿਕਤਾ ਦੇ ਮੁਖ ਸੋਮਿਆਂ ਉਤੇ ਕਬਜ਼ਾ ਕਰਕੇ ਇਰਾਦੇ ਨਾਲ ਅਮਰੀਕੀ ਇਜਾਰੇਦਾਰਾਂ ਅਤੇ ਵੱਡੀਆਂ ਕੰਪਨੀਆਂ ਦੇ ਕਬਜ਼ੇ ਹੇਠਲੀਆਂ ਵੱਡੀਆਂ ਤਾਂਬਾ ਕੰਪਨੀਆਂ ਨੂੰ ਕੌਮੀ ਕਰ ਲਿਆ ਹੈ, ਮਜ਼ਦੂਰਾਂ ਦੀਆਂ ਉਜਰਤਾਂ ਵਧਾ ਦਿੱਤੀਆਂ ਸਨ, ਮਜ਼ਦੂਰਾਂ ਦੀਆਂ ਉਜਰਤਾਂ ਨੂੰ ਕੀਮਤਾਂ ਦੇ ਸੂਚਕ ਅੰਕ ਨਾਲ ਜੋੜ ਦਿੱਤਾ ਸੀ ਅਤੇ ਜ਼ਮੀਨ ਸੁਧਾਰ ਕੀਤੇ ਸਨ। ਇਹ ਸੱਚ ਹੈ ਕਿ ਜੇ ਉਲਟ ਇਨਕਲਾਬੀ ਹੱਲਾ ਅਤੇ ਸਾਬੋਤਾਜ ਨਾ ਹੁੰਦੀ ਤਾਂ ਹੋਰ ਬਹੁਤ ਕੁਝ ਕੀਤਾ ਜਾ ਸਕਦਾ ਸੀ।

ਇਹ ਯਾਦ ਰਖਣਾ ਚਾਹੀਦਾ ਹੈ ਕਿ ਅਲੰਡੇ ਦੇ ਪਰਧਾਨ ਚੁਣੇ ਜਾਣ ਦੇ ਦਿਨ ਤੋਂ ਹੀ, ਸਜ-ਪਿਛਾਖੜ ਅਤੇ ਸਾਮਰਾਜ ਨੇ ਸਾਜ਼ਿਸ਼ਾਂ ਘੜਨੀਆਂ ਸ਼ੁਰੂ ਕਰ ਦਿੱਤੀਆਂ ਸਨ। ਅਲੰਡੇ ਦੇ ਸਹੁੰ ਚੁਕਣ ਤੋਂ ਪਹਿਲਾਂ ਹੀ ਚਿਲੀ ਦੀਆਂ ਫੌਜਾਂ ਦੇ ਤਰੱਕੀ-ਪਸੰਦ ਕਮਾਂਡਰ-ਇਨ-ਚੀਫ ਨੂੰ ਕਤਲ ਕਰ ਦਿਤਾ ਗਿਆ। ਖੁਦ ਅਲੰਡੇ ਨੂੰ ਕਤਲ ਕਰਨ ਦੀਆਂ ਕਈ ਕੋਸ਼ਿਸ਼ਾਂ ਕੀਤੀਆਂ ਗਈਆਂ। ਸਾਮਰਾਜੀਆਂ ਨੇ ਦਾਰਾਤ ਨਾਲ ਤਾਂਬੇ ਦੀ ਕੌਮਾਂਤਰੀ ਕੀਮਤ ਨੂੰ ਇਕ ਦਮ ਘਟ ਕਰਕੇ ਆਰਥਿਕਤਾ ਨੂੰ ਸਾਬੋਤਾਜ ਕਰਨ ਦੀ ਕੋਸ਼ਿਸ਼ ਕੀਤੀ। ਅਮਰੀਕਾ ਦੇ ਅੰਗੂਠੇ ਹੇਠਲੇ ਸੰਸਾਰ ਬੈਂਕ ਨੇ ਅਚਨਚੇਤ ਕਰਜ਼ੇ ਬੰਦ ਕਰ ਦਿਤੇ। ਮਜ਼ਦੂਰਾਂ ਦੇ ਇਕ ਹਿਸੇ ਨੂੰ ਗੁਮਰਾਹ ਕੀਤਾ ਗਿਆ ਤੇ ਉਨ੍ਹਾਂ ਨੂੰ ਬਿਨਾਂ ਕਿਸੇ ਅਧਾਰ ਤੋਂ ਹੜਤਾਲਾਂ ਜਥੇਬੰਦ ਕਰਨ ਲਈ ਉਕਸਾਇਆ ਗਿਆ। ਅਹਿਮ ਕਾਰਖਾਨਿਆਂ, ਪੁਲਾਂ ਅਤੇ ਸੂਚਨਾ ਪਰਸਾਰਨ ਦੇ ਹੋਰ ਸਾਧਨਾਂ ਨੂੰ ਸਾਬੋਤਾਜ ਕੀਤਾ ਗਿਆ। ਟਰੱਕ ਜਿਹੜੇ ਕਿ ਚਿਲੀ ਵਿਚ ਟਰਾਂਸਪੋਰਟ ਦਾ ਮਹੱਤਵ-ਪੂਰਨ ਸਾਧਨ ਹਨ, ਅਣਮਿਥੇ ਸਮੇਂ ਲਈ ਹੜਤਾਲ ਤੇ ਚਲੇ ਗਏ, ਜਿਸ ਨਾਲ ਜ਼ਿੰਦਗੀ ਵਿਚ ਅਤੇ ਟੁਟ ਭਜ ਰਹੀ ਆਰਥਿਕਤਾ ਵਿਚ ਉਥਲ ਪੁਥਲ ਆ ਗਈ।

## ਸਾਮਰਾਜੀਆਂ ਦੀ ਖੇਡ

ਸਾਮਰਾਜੀ ਚਾਲਾਂ ਅਤੇ ਚਿਲੀ ਦੇ ਪਿਛਾਂਹ-ਖਿਚੂਆਂ ਨੇ ਅਲੰਡੇ ਹਕੂਮਤ ਨੂੰ ਚੈਨ ਨਾਲ ਕੰਮ ਨਹੀਂ ਕਰਨ ਦਿਤਾ ਅਤੇ ਅਲੰਡੇ ਲਈ ਸੋਚ ਸਮਝ ਕੇ ਸਿਆਸੀ ਅਤੇ ਆਰਥਿਕ ਸੰਕਟ ਪੈਦਾ ਕੀਤੇ। ਪਰੰਤੂ ਇਹ ਯਾਦ ਰਖਣਾ ਚਾਹੀਦਾ ਹੈ ਕਿ ਇਨ੍ਹਾਂ ਸਾਰੀਆਂ ਔਕੜਾਂ ਦਾ ਸਾਹਮਣਾ ਕਰਦੇ ਹੋਏ ਵੀ ਅਲੰਡੇ ਸਰਕਾਰ ਨੇ ਬਹੁਤ ਸਾਰੇ ਤਰੱਕੀ-ਪਸੰਦ ਕਦਮ ਚੁਕੇ ਅਤੇ ਜਨਤਕ ਹਮਾਇਤ ਪਰਾਪਤ ਕੀਤੀ ਅਤੇ ਆਪਣਾ ਵਕਾਰ ਵਧਾਇਆ। ਸੱਜ ਪਿਛਾਖੜ ਨੇ ਵੀ ਇਸ ਹਕੀਕਤ ਨੂੰ ਮੰਨਿਆ ਹੈ ਕਿ ਅਗਲੀਆਂ ਚੋਣਾਂ ਵਿਚ ਅਲੰਡੇ ੬੦% ਵੋਟਾਂ ਪ੍ਰਾਪਤ ਕਰ ਲੈਂਦਾ। ਸੋ ਉਹ ਹਰ ਉਸ ਤਰੀਕੇ ਨੂੰ ਵਰਤਣਾ ਚਾਹੁੰਦੇ ਸਨ, ਜਿਸ ਨਾਲ ਛੇਤੀ ਤੋਂ ਛੇਤੀ ਅਲੰਡੇ ਅਤੇ ਜਮਹੂਰੀਅਤ ਨੂੰ ਤਬਾਹ ਕੀਤਾ ਜਾ ਸਕੇ।

ਜਦੋਂ ਇਹ ਸਾਰਾ ਪਿਛੋਕੜ ਹੈ ਤਾਂ ਸਾਮਰਾਜੀ ਅਤੇ ਪਿਛਾਖੜ ਲੋਕਾਂ ਨੂੰ ਇਹ ਜਚਾਉਣ ਦੀ ਕੋਸ਼ਿਸ਼ ਵਿਚ ਇਤਨਾ ਤਰਲੋਮੱਛੀ ਕਿਉਂ ਹੋਇਆ ਹੋਇਆ ਹੈ ਕਿ ਸਮਾਜੀ ਪਰਬੰਧ ਨੂੰ ਸਿਰਫ ਹਥਿਆਰਬੰਦ ਇਨਕਲਾਬ ਰਾਹੀਂ ਹੀ ਤਬਦੀਲ ਕੀਤਾ ਜਾ ਸਕਦਾ ਹੈ।

ਉਹਨਾਂ ਦਾ ਦਾਅਪੇਚ ਹੈ ਕਿ ਇਨਕਲਾਬੀ ਆਪਣੀ ਤਾਕਤ ਨੂੰ ਵਧਾਉਣ ਅਤੇ ਇਨਕਲਾਬੀ ਵਿਚਾਰਾਂ ਦੇ ਪਰਚਾਰ ਲਈ ਜਮਹੂਰੀ ਅਤੇ ਕਾਨੂੰਨੀ ਸਾਧਨਾਂ ਨੂੰ ਨਾ ਵਰਤਣਾ। ਉਨ੍ਹਾਂ ਦਾ ਵਿਸ਼ਵਾਸ ਹੈ ਕਿ ਇਨਕਲਾਬੀ ਸਮਾਜੀ ਤਬਦੀਲੀ ਲਿਆਉਣ ਲਈ ਦ੍ਰਿੜ੍ਹ ਲੋਕਾਂ ਅਤੇ ਸਮੁੱਚੀ ਕੌਮ ਦਾ ਮੁਕਾਬਲਾ ਕਰਨ ਨਾਲੋਂ ਉਨ੍ਹਾਂ ਦੇ ਲਈ ਹਥਿਆਰਬੰਦ ਬਗਾਵਤ ਨੂੰ ਕੁਚਲਣਾ ਜ਼ਿਆਦਾ ਸੌਖਾ ਰਹੇਗਾ। ਪਰੰਤੂ ਇਸ ਦਾ ਅਰਥ ਇਹ ਨਹੀਂ ਕਿ ਇਨਕਲਾਬ ਦਾ ਇਕੋ ਇਕ ਰਾਹ ਸਿਰਫ ਪੁਰਅਮਨ ਤਬਦੀਲੀ ਹੀ ਹੈ। ਇਹ ਸਪੱਸ਼ਟ ਹੋਣਾ ਚਾਹੀਦਾ ਹੈ ਕਿ ਇਨਕਲਾਬ ਲਿਆਉਣ ਲਈ ਬੇਸ਼ਕ ਕੋਈ ਵੀ ਰਾਹ ਅਖਤਿਆਰ ਕੀਤਾ ਜਾਵੇ, ਲੋਕਾਂ ਵਿਚ ਕਮਿਊਨਿਸਟ ਅਤੇ ਮਜ਼ਦੂਰ ਪਾਰਟੀਆਂ ਦੇ ਪਰਭਾਵ ਨੂੰ ਵਧਾਉਣ ਲਈ ਸਾਰੇ ਸਾਧਨਾਂ ਦੀ ਵਰਤੋਂ ਕੀਤੀ ਜਾਣੀ ਚਾਹੀਦੀ ਹੈ। ਇਹ ਸਮਝਣਾ ਬਿਲਕੁਲ ਗੈਰ-ਮਾਰਕਸੀ ਅਤੇ ਅਣਇਤਿਹਾਸਕ ਹੈ ਕਿ ਜੇ ਪਾਰਟੀ ਅਤੇ ਮਜ਼ਦੂਰ ਜਮਾਤ ਲਹਿਰ ਅੰਡਰ ਗਰਾਊਂਡ ਹੋ ਜਾਵੇ ਅਤੇ ਹਥਿਆਰਬੰਦ ਘੋਲ ਸ਼ੁਰੂ ਕਰ ਦੇਵੇ ਤਾਂ ਇਨਕਲਾਬੀ ਤਾਕਤਾਂ ਦਾ ਅਸਰ ਵਧਾਇਆ ਜਾ ਸਕਦਾ ਹੈ। ਕੀ ਇਹ ਅਸਲੀਅਤ ਨਹੀਂ ਹੈ ਕਿ ਹਥਿਆਰਬੰਦ ਘੋਲ ਦੇ ਪਿਛਲੇ ੨੫ ਸਾਲਾਂ ਦੇ ਦੌਰਾਨ ਬਰਮਾ ਅਤੇ ਮਲੇਸ਼ੀਆ ਦੀਆਂ ਕਮਿਊਨਿਸਟ ਪਾਰਟੀਆਂ ਦਾ ਅਸਰ ਵਧਿਆ ਨਹੀਂ, ਲਾਜ਼ਮੀ ਤੌਰ ਤੇ ਘਟਿਆ ਹੈ।

ਪਾਕਿਸਤਾਨ ਅਤੇ ਨੇਪਾਲ ਵਿਚ ਕਮਿਊਨਿਸਟ ਪਾਰਟੀਆਂ ਦੀ ਤਾਕਤ ਨਹੀਂ ਵਧ ਸਕੀ ਜਿਥੇ ਕਿ ਪਾਰਟੀਆਂ ਉਤੇ ਪਾਬੰਦੀ ਹੈ ਅਤੇ ਉਹਨਾਂ ਨੂੰ ਪੰਝੀ ਸਾਲ ਤੋਂ ਵੀ ਵਧ ਸਮੇਂ ਤੋਂ ਅੰਡਰ ਗਰਾਊਂਡ ਰਹਿਣ ਲਈ ਮਜਬੂਰ ਕੀਤਾ ਗਿਆ ਹੈ। ਕੀ ਇਹ ਪਰਵਾਨਤ ਸਚਿਆਈ ਨਹੀਂ ਕਿ ਹਿੰਦ ਵਿਚ ਕਮਿਊਨਿਸਟ ਲਹਿਰ ਵਿਚ ਫੁਟ ਦੇ ਬਾਵਜੂਦ ਇਸ ਸਮੇਂ ਦੇ ਦੌਰਾਨ ਕਮਿਊਨਿਸਟ ਲਹਿਰ ਦੀ ਤਾਕਤ ਕਈ ਗੁਣਾ ਵਧੀ ਹੈ ਅਤੇ ਪਿਛਲੇ ਕਿਸੇ ਵੀ ਸਮੇਂ ਨਾਲੋਂ ਅਜ ਵਧ ਤਾਕਤਵਰ ਹੈ ਬੇਸ਼ਕ ਇਹ ਸਮਾਂ ਹਥਿਆਰਬੰਦ ਘੋਲ ਜਾਂ ਅੰਡਰ-ਗਰਾਊਂਡ ਲਹਿਰ ਦਾ ਸਮਾਂ ਨਹੀਂ ਹੈ।

ਕੀ ਇਸ ਤੋਂ ਇਹ ਸੰਕੇਤ ਨਹੀਂ ਮਿਲਦਾ ਕਿ ਇਨਕਲਾਬੀ ਸ਼ਕਤੀਆਂ ਦੀ ਤਾਕਤ ਨਾ ਹੀ ਸਿਰਫ ਇਸ

ਅਸਲੀਅਤ ਤੋਂ ਨਿਰਧਾਰਤ ਹੁੰਦੀ ਹੈ ਕਿ ਇਹ ਅੰਡਰ ਗਰਾਊਂਡ ਚਲੀ ਗਈ ਹੈ ਅਤੇ ਨਾ ਹੀ ਇਸ ਤੋਂ ਕਿ ਇਸ ਨੇ ਘੋਲ ਦਾ ਪੂਰ ਅਮਨ ਅਤੇ ਜਮਹੂਰੀ ਰੂਪ ਅਪਣਾਇਆ ਹੋਇਆ ਹੈ। ਇਹ ਸਿਰਫ ਇਸ ਹਕੀਕਤ ਤੋਂ ਨਿਰਧਾਰਤ ਕੀਤੀ ਜਾਂਦੀ ਹੈ ਕਿ ਕੀ ਇਹ ਇਨਕਲਾਬੀ ਪਾਰਟੀ ਨੇ ਦਿਤੇ ਹੋਏ ਇਤਿਹਾਸਕ ਪ੍ਰਸੰਗ ਵਿਚ ਹਾਲਤ ਦਾ ਬਾਹਰਮੁਖੀ ਸਰਵੇਖਣ ਕੀਤਾ ਹੈ ਅਤੇ ਵਖ ਵਖ ਇਨਕਲਾਬੀ ਸ਼ਕਤੀਆਂ ਦਾ ਮੁਲੰਕਣ ਕੀਤਾ ਹੈ ਅਤੇ ਇਨਕਲਾਬੀ ਅਮਲ ਨੂੰ ਤੇਜ਼ ਕਰਨ ਲਈ ਮਜ਼ਦੂਰ ਜਮਾਤ ਨਾਲ ਇਕ ਸੁਰ ਹੋ ਕੇ ਅਮਲ ਕਰਨ ਲਈ ਉਹਨਾਂ ਨੂੰ ਢੁਕਵੀਂ ਸ਼ਕਲ ਦਿਤੀ ਹੈ। ਇਸ ਨੂੰ ਧਿਆਨ ਵਿਚ ਰਖਕੇ ਇਨਕਲਾਬ ਦੀ ਸ਼ਕਲ ਬਾਰੇ ਬੇਸ਼ਕ ਇਹ ਪੁਰਅਮਨ ਹੋਵੇ ਜਾਂ ਗੈਰ ਪੁਰਅਮਨ ਕੀਤਾ ਜਾਣਾ ਚਾਹੀਦਾ ਹੈ।

ਸਮਾਜ ਦੀ ਪੁਰਅਮਨ ਤਬਦੀਲੀ ਦਾ ਇਹ ਅਰਥ ਬਿਲਕੁਲ ਨਹੀਂ ਕਿ ਸਰਮਾਏਦਾਰੀ ਇਨਕਲਾਬ ਦਾ ਬਾਂਹ ਉਲਾਰ ਕੇ ਸਵਾਗਤ ਕਰੇਗੀ। ਇਹ ਸਪਸ਼ਟ ਹੋ ਜਾਣਾ ਚਾਹੀਦਾ ਹੈ ਕਿ ਪੁਰਅਮਨ ਤਬਦੀਲੀ ਦਾ ਰਾਹ ਕੂਲਾ ਅਤੇ ਆਸਾਨ ਨਹੀਂ ਹੈ। ਸਰਮਾਏਦਾਰੀ ਭਿਅੰਕਰ ਘੋਲ ਤੋਂ ਬਿਨਾਂ ਤਾਕਤ ਨੂੰ ਨਹੀਂ ਛਡੇਗੀ। ਇਨਕਲਾਬ ਲਈ ਪਹਿਲੀ ਸ਼ਰਤ ਇਹ ਹੈ ਕਿ ਇਹ ਇੰਨਾ ਤਾਕਤਵਰ ਹੋਵੇ ਕਿ ਅਸਲੀ ਬਦਲ ਬਣ ਸਕੇ ਅਤੇ ਇਸ ਵਿਚ ਸੱਟ ਮਾਰਨ ਦੀ ਸਮਰਥਾ ਹੋਵੇ ਅਤੇ ਦੇਸ਼ ਦੇ ਲੋਕਾਂ ਦੀ ਬਹੁ ਸੰਮਤੀ ਦੀ ਹਮਾਇਤ ਹਾਸਲ ਕਰ ਸਕੇ। ਅਜਿੱਤ ਮਜ਼ਦੂਰ ਜਮਾਤ ਦੀ ਲਹਿਰ ਜਿਸ ਦੀ ਪਿੱਠ ਉਤੇ ਲੋਕਾਂ ਦੇ ਜਮਹੂਰੀ ਤਬਕੇ ਹੋਣ ਅਤੇ ਖੱਬੀਆਂ ਤਾਕਤਾਂ ਨਾਲ ਇਕਮੁੱਠ ਹੋਈ ਮਜ਼ਬੂਤ ਕਮਿਊਨਿਸਟ ਪਾਰਟੀ ਹੀ ਸਾਰੇ ਉਲਟ ਇਨਕਲਾਬੀਆਂ ਨੂੰ ਭਾਂਜ ਦੇਣ ਲਈ ਹਥਿਆਰਬੰਦ ਫੌਜਾਂ ਨੂੰ ਲੋਕਾਂ ਦੇ ਹੱਕ ਵਿਚ ਕਰਨ ਦੇ ਕੰਮ ਨੂੰ ਸੌਖਾ ਬਣਾ ਸਕੇਗੀ। ਕਿਸੇ ਨੂੰ ਵੀ ਇਸ ਭੁਲੇਖੇ ਦਾ ਸ਼ਿਕਾਰ ਨਹੀਂ ਹੋਣਾ ਚਾਹੀਦਾ ਕਿ ਪੁਰਅਮਨ ਤਬਦੀਲੀ ਦਾ ਰਾਹ ਸੌਖਾ ਹੈ ਤੇ ਇਸ ਵਿਚ ਕੋਈ ਔਕੜਾਂ ਨਹੀਂ ਆਉਣਗੀਆਂ ਸਹੀ ਨੀਤੀ ਅਤੇ ਲੜਾਕੂ ਸਪਿਰਟ ਨਾਲ ਲੋਕਾਂ ਦੇ ਵਿਸ਼ਾਲ ਸੰਗ੍ਰਾਮ ਲਗਾਤਾਰ ਜਾਰੀ ਰਖਣੇ ਪੈਣਗੇ। ਸਮੇਂ ਸਮੇਂ ਸਿਰ ਅਪਣਾਏ ਜਾਣ ਵਾਲੇ ਦਾਅ-ਪੇਚਾਂ ਦਾ ਫੈਸਲਾ ਬਾਹਰਮੁਖੀ ਹਾਲਾਤ ਕਰਨਗੇ। ਲਹਿਰ ਹੌਲੀ ਹੌਲੀ ਡਾਵਾਂ ਡੋਲਤ ਨਾਲ ਅਤੇ ਉਤਾਰਾਂ ਚੜ੍ਹਾਵਾਂ ਵਿਚ ਦੀ ਹੁੰਦੀ ਹੋਈ ਅਗੇ ਵਧੇਗੀ।

ਚਿਲੀ ਦੇ ਸਬਕਾਂ ਦੇ ਨਾਂ ਉਤੇ ਹਥਿਆਰਬੰਦ ਘੋਲ ਬਾਰੇ ਉਚੀ ਉਚੀ ਬੋਲਣਾ ਹਿੰਦੁਸਤਾਨ ਵਿਚ ਇਨਕਲਾਬੀ ਕਾਜ਼ ਦੇ ਅਗੇ ਵਧਣ ਵਿਚ ਸਹਾਈ ਨਹੀਂ ਹੋਵੇਗਾ।

ਇਸ ਸਬੰਧ ਵਿਚ ਇਹ ਦਸ ਦਿਤਾ ਜਾਵੇ ਕਿ ਹਥਿਆਰਬੰਦ ਘੋਲ ਇਸ ਦੇਸ਼ ਦੇ ਲਈ ਨਵਾਂ ਨਹੀਂ ਹੈ ਦਹਿਸ਼ਤ-ਪਸੰਦ ਲਹਿਰ ਤਲੰਗਾਨਾ ਹਥਿਆਰਬੰਦ ਘੋਲ, ਹਥਿਆਰਬੰਦ ਬਗਾਵਤ ਆਦਿ ਨੇ ਜਿਹੜੇ ਕਿ ਹਥਿਆਰਬੰਦ ਘੋਲ ਸਨ, ਹਿੰਦ ਵਿਚ ਇਨਕਲਾਬੀ ਲਹਿਰ ਦੀ ਆਪਣੇ ਆਪ ਨੂੰ ਮਜ਼ਬੂਤ ਕਰਨ ਅਤੇ ਕੀਮਤੀ ਸਬਕ ਕੱਢਣ ਵਿਚ ਮਦਦ ਕੀਤੀ ਜਿਹੜੇ ਕਿ ਹਿੰਦ ਵਿਚ ਕਮਿਊਨਿਸਟ ਅਤੇ ਮਜ਼ਦੂਰ ਜਮਾਤ ਲਹਿਰ ਦੇ ਹੋਰ ਅਗੇ ਵਧਣ ਵਿਚ ਸਹਾਈ ਹੋਏ। ਹਿੰਦ ਦੇ ਕਮਿਊਨਿਸਟਾਂ ਨੇ ਸਾਡੇ ਦੇਸ਼ ਵਿਚ ਹਥਿਆਰਬੰਦ ਬਗਾਵਤ ਜਥੇਬੰਦ ਕਰਨ ਦੇ ਸਬੰਧ ਵਿਚ ਕਦੇ ਅਫਸੋਸ ਪਰਗਟ ਨਹੀਂ ਕੀਤਾ। ਹਥਿਆਰਬੰਦ ਘੋਲ ਬਾਰੇ ਕੋਈ ਚਿੜ ਨਹੀਂ ਹੈ, ਪਰੰਤੂ ਸਾਡੇ ਸਾਮ੍ਹਣੇ ਸਵਾਲ ਇਹ ਹੈ ਕਿ ਦਿਤੇ ਹੋਏ ਸਮਾਜੀ ਆਰਥਿਕ ਅਤੇ ਸਿਆਸੀ ਪ੍ਰਸੰਗ ਵਿਚ ਹਿੰਦ ਵਿਚ ਘੋਲ ਦੀ ਸਭ ਤੋਂ ਢੁਕਵੀਂ ਸ਼ਕਲ ਕਿਹੜੀ ਹੈ। ਜੇ ਹਥਿਆਰਬੰਦ ਘੋਲ ਦੀ ਇਕੋ ਇਕ ਠੀਕ ਸ਼ਕਲ ਹੈ ਤਾਂ ਨਕਸਲਵਾਦ ਇਤਨੀ ਤੇਜ਼ੀ ਨਾਲ ਕਿਉਂ ਮਰਿਆ ਹੈ। ਉਹ ਅਜ ਹਥਿਆਰਬੰਦ ਘੋਲ ਨੂੰ ਜਾਰੀ ਕਿਉਂ ਨਹੀਂ ਰਖ ਰਹੇ ਹਨ। ਮਾਰਕਸੀ ਪਾਰਟੀ ਨੇ ਫੌਰੀ ਹਥਿਆਰਬੰਦ ਇਨਕਲਾਬ ਦਾ ਨਾਹਰਾ ਆਪਣੀ ਮਰਜ਼ੀ ਨਾਲ ਹੀ ਕਿਉਂ ਤਿਆਗ ਦਿਤਾ ਹੈ ਜਿਹੜਾ ਉਹਨਾਂ ਨੇ ਕਮਿਊਨਿਸਟ ਪਾਰਟੀ ਵਿਚ ਫੁਟ ਪਾਉਣ ਸਮੇਂ ਦੇਣ ਦੀ ਕੋਸ਼ਿਸ਼ ਕੀਤੀ ਸੀ।

ਅਸੀਂ ਇਹ ਸਪਸ਼ਟ ਕਰ ਦੇਣਾ ਚਾਹੁੰਦੇ ਹਾਂ ਕਿ ਹਥਿਆਰਬੰਦ ਘੋਲ ਇਨਕਲਾਬ ਦੀਆਂ ਸ਼ਕਲਾਂ ਵਿਚੋਂ ਇਕ ਸ਼ਕਲ ਹੈ ਪਰੰਤੂ ਇਹ ਇਨਕਲਾਬ ਦੀ ਇਕੋ ਇਕ ਸ਼ਕਲ ਨਹੀਂ ਹੈ।

ਇਨਕਲਾਬ ਕਿਸੇ ਵੀ ਸ਼ਕਲ ਲਈ ਜਨਤਾ ਦੀ ਸ਼ਮੂਲੀਅਤ ਅਤੇ ਹਿੱਸਾ ਮੁਢਲੀ ਸ਼ਰਤ ਹੈ। ਜਦੋਂ ਅਸੀਂ ਇਨਕਲਾਬ ਦੇ ਹਿੰਦੁਸਤਾਨੀ ਰਾਹ ਬਾਰੇ ਗਲ ਕਰਦੇ ਹਾਂ ਤਾਂ ਸਾਨੂੰ ਹਿੰਦ ਵਿਚਲੀਆਂ ਉਲਟ ਇਨਕਲਾਬੀ ਸ਼ਕਤੀਆਂ ਦੀ ਤਾਕਤ ਅਤੇ ਸਮਰਥਾ ਦਾ ਘਟਾ ਕੇ ਅੰਦਾਜ਼ਾ ਨਹੀਂ ਲਾਉਣਾ ਚਾਹੀਦਾ ਜਿਹਨਾਂ ਨੂੰ ਕਿ ਬਦੇਸ਼ੀ ਸਾਮਰਾਜੀਆਂ ਵਲੋਂ ਪੂਰੀ ਮਦਦ ਅਤੇ ਹੱਲਾਸ਼ੇਰੀ ਮਿਲਦੀ ਹੈ, ਜਿਹੜੇ ਕਿ ਤਬਦੀਲੀ ਦੇ ਪਹੀਏ ਨੂੰ ਪੁਠ

ਗੇੜ ਦੇਣ ਲਈ ਸਾਡੇ ਜਮਹੂਰੀ ਢਾਂਚੇ ਦੀਆਂ ਜੜ੍ਹਾਂ ਉਤੇ ਸੱਟ ਮਾਰਨ ਲਈ ਬਾਮੌਕਾ ਘੜੀ ਦੀ ਉਡੀਕ ਵਿਚ ਬੈਠੇ ਸਨ। ਇਕ ਬਾਹਰਮੁਖੀ ਅਸਲੀਅਤ ਤੋਂ ਅੱਖਾਂ ਮੀਚਣਾ ਨਾ ਸਿਰਫ ਦੁਸ਼ਮਣਾਂ ਦੇ ਹੱਥਾਂ ਵਿਚ ਹੀ ਖੇਡਣਾ ਹੋਵੇਗਾ ਅਤੇ ਅਚੇਤ ਤੌਰ ਤੇ ਉਲਟ ਇਨਕਲਾਬੀਆਂ ਦੀ ਮਦਦ ਕਰਨਾ ਹੋਵੇਗਾ ਇਸ ਤੋਂ ਇਲਾਵਾ ਇਨ-ਕਲਾਬੀ ਤਾਕਤਾਂ ਦੇ ਮੁੱਖ ਬਾਰੇ ਤੋਂ ਆਪਣੇ ਆਪ ਨੂੰ ਨਿਖੇੜਨਾ ਵੀ ਹੋਵੇਗਾ।

ਲੋਕਾਂ ਦੇ ਹੱਕਾਂ ਨੂੰ ਪ੍ਰਾਪਤ ਕਰਨ ਅਤੇ ਸਾਮਰਾਜ ਤੇ ਸਜ ਪਿਛਾਖੜ ਤਾਕਤਾਂ ਦੇ ਸਾਂਝੇ ਹੱਲੇ ਨੂੰ ਪਛਾੜਨ ਅਤੇ ਹਿੰਦ ਵਿਚ ਇਨਕਲਾਬ ਨੂੰ ਹੋਰ ਅਗੇ ਲੈ ਜਾਣ ਲਈ ਕੌਮੀ ਜਮਹੂਰੀ ਫਰੰਟ ਦੀ ਉਸਾਰੀ ਅਤੇ ਲੋਕਾਂ ਦੇ ਵਿਸ਼ਾਲ ਤਬਕਿਆਂ ਦੀ ਲਾਮਬੰਦੀ ਹੀ ਠੀਕ ਹੈ ਤੇ ਇਹ ਹੀ ਹਿੰਦ ਵਿਚ ਇਨਕਲਾਬੀ ਪ੍ਰੋਗਰਾਮ ਹੈ।

ਉਹਨਾਂ ਸਾਰਿਆਂ ਨੂੰ ਜਿਹੜੇ ਚਿਲੀ ਦੀਆਂ ਘਟਨਾਵਾਂ ਬਾਰੇ ਅਤੇ ਇਨਕਲਾਬ ਦੇ ਹਿੰਦੁਸਤਾਨੀ ਰਾਹ ਬਾਰੇ ਕਾਹਲੀ ਨਾਲ ਨਤੀਜਿਆਂ ਉਤੇ ਪਹੁੰਚਣ ਦੀ ਕੋਸ਼ਿਸ਼ ਕਰਦੇ ਹਨ ਸਾਡੇ ਦੇਸ਼ ਵਿਚ ਇਨ੍ਹਾਂ ਬਾਹਰਮੁਖੀ ਹਕੀਕਤਾਂ ਦਾ ਨੋਟ ਲੈਣਾ ਚਾਹੀਦਾ ਹੈ।

('ਨਵਾਂ ਜ਼ਮਾਨਾ' 'ਚੋਂ ਧੰਨਵਾਦ ਸਹਿਤ)

o

## ਸਾਡੀ ਕਮਿਊਨਿਸਟ ਲਹਿਰ ਚਿਲੀ ਦੇ ਸੰਦਰਭ ਵਿਚ / ਓਮ ਪ੍ਰਕਾਸ਼ ਸ਼ਰਮਾ

੩੦ ਨਵੰਬਰ, ੧੯੭੩ ਦੇ 'ਲੋਕ ਲਹਿਰ' ਵਿਚ ਪੰਨਾ ੨ ਤੇ 'ਲੋਟੂ ਰਾਜ ਦਾ ਖਾਤਮਾ—ਇਨਕਲਾਬ ਦੀ ਜ਼ਾਮਨੀ' ਨਾ ਥੱਲੇ ਹਿੰਦ ਕਮਿਊਨਿਸਟ ਪਾਰਟੀ (ਮ) ਦੀ ਕੇਂਦਰੀ ਕਮੇਟੀ ਦਾ ਚਿਲੀ ਬਾਰੇ ਮਤਾ ਛਪਿਆ ਹੈ। ਇਸ ਮਤੇ ਨੂੰ ਪੜ੍ਹਕੇ ਕਿਸੇ ਵੀ ਸੂਝਵਾਨ ਨੂੰ ਰੋਣ ਆ ਸਕਦਾ ਹੈ ਅਤੇ ਇਹ ਮਤਾ ਹਿੰਦ ਕਮਿਊਨਿਸਟ ਪਾਰਟੀ (ਮ) ਦੇ ਲੀਡਰਾਂ ਦੀ ਸੂਝ ਤੇ ਨਹੀਂ ਸਗੋਂ ਨੀਤ ਤੇ ਵੀ ਸ਼ੱਕ ਪੈਦਾ ਕਰਦਾ ਹੈ। ਇਸ ਮਤੇ ਵਿਚ ਚਿਲੀ ਦੀ ਘਟਨਾ ਤੋਂ ਅਜੀਬ ਹੀ ਸਿੱਟੇ ਕੱਢੇ ਗਏ ਹਨ।

ਚਿਲੀ ਵਿਚ ਖੱਬੇ ਪੱਖੀ ਪਾਰਟੀਆਂ ਦਾ ਚੋਣਾਂ ਜਿੱਤਣਾ ਅਤੇ ਡਾਕਟਰ ਐਲੈਂਡੇ ਦਾ ਪ੍ਰਧਾਨ ਬਣਨਾ ਅਤੇ ਫਿਰ ਸਤੰਬਰ ੧੯੭੩ ਵਿਚ ਫੌਜ ਦਾ ਦੁਬਾਰਾ ਰਾਜ-ਪਲਟਾ ਹੋਣਾ, ਅਜਿਹੀਆਂ ਘਟਨਾਵਾਂ ਹਨ ਜਿਸ ਬਾਰੇ ਕੋਈ ਵੀ ਅਣਭਿੱਜ ਨਹੀਂ ਹੈ। ਆਮ ਲੋਕਾਂ ਨੇ ਫੌਜੀ-ਜੁੰਡਲੀ ਦੀ ਅਤੇ ਉਸਦੇ ਪਿਛੇ ਸੀ. ਆਈ. ਏ. ਦੀਆਂ ਸਾਜ਼ਸ਼ਾਂ ਦੀ ਨਿੰਦਿਆ ਕੀਤੀ ਹੈ। ਪਰੰਤੂ ਕਿਸੇ ਵੀ ਮਾਰਕਸਵਾਦੀ ਸੋਚ ਰੱਖਣ ਵਾਲੇ ਵਿਅਕਤੀ ਤੋਂ ਇਹਨਾਂ ਘਟਨਾਵਾਂ ਦਾ ਸਿਰਫ ਇਸ ਨਾਲ ਹੀ ਵਿਸ਼ਲੇਸ਼ਣ ਸੋਭਦਾ ਨਹੀਂ ਹੈ। ਮਾਰਕਸਵਾਦੀ ਸਵੈ ਪੜਚੋਲ ਨੂੰ ਖਾਸ ਮਹੱਤਤਾ ਦਿਆ ਕਰਦੇ ਹਨ। ਚਿਲੀ ਵਿਚ ਖੱਬੇ ਪੱਖੀ ਮੁਹਾਜ਼ ਦੇ ਚੋਣਾਂ ਜਿਤ ਕੇ ਉਪਰ ਆਉਣ ਤੋਂ ਜੋ ਤਿੰਨ ਸਾਲ ਬਾਅਦ ਉਥੋਂ ਦੀ ਫੌਜ ਰਾਜ ਪਲਟਾ ਕਰ ਦਿੰਦੀ ਹੈ ਤਾਂ ਇਸ ਤੋਂ ਉਥੋਂ ਦੇ ਖੱਬੇ ਪੱਖੀਆਂ ਦਾ ਅਵੇਸ਼ਲਾਪਣ ਪ੍ਰਤੱਖ ਨਜ਼ਰ ਆਉਂਦਾ ਹੈ। ਫੌਜੀ-ਜੁੰਡਲੀ ਦਾ ਤਾਕਤ ਹਥਿਆ ਲੈਣਾ ਅਤੇ ਕਮਿਊਨਿਸਟ ਨੇਤਾਵਾਂ ਤੇ ਹੋਰ ਵਰਕਰਾਂ ਨੂੰ ਚੁਣ ਚੁਣ ਕੇ ਕਤਲ ਕਰ ਦੇਣਾ, ਦਸਦਾ ਹੈ ਕਿ ਉਥੋਂ ਦੀ ਕਮਿਊਨਿਸਟ ਅਤੇ ਸਮੁਚੇ ਮੁਹਾਜ਼ ਦੀ ਇਕ ਤਕੜੀ ਹਾਰ ਹੋਈ ਹੈ। ਇਸ ਹਾਰ ਦੇ ਚਿੰਨ੍ਹ ਉਸ ਸਮੇਂ ਵੀ ਦਿਖਾਈ ਦੇ ਰਹੇ ਸਨ ਜਦ ਐਲੈਂਡੇ ਸਰਕਾਰ ਨੇ ਮਜਬੂਰ ਹੋ ਕੇ ਫੌਜ ਦੇ ਨੁਮਾਇੰਦਿਆਂ ਨੂੰ ਸਰਕਾਰ ਵਿਚ ਲੈ ਲਿਆ ਸੀ। ਤੇ ਹੁਣ ਜਦੋਂ ਐਲੈਂਡੇ ਸਰਕਾਰ ਮੂੰਹ ਭਾਰ ਡਿਗ ਚੁਕੀ ਹੈ ਤਾਂ ਸਾਨੂੰ ਘੱਟ ਤੋਂ ਘੱਟ ਇਹ ਜ਼ਰੂਰ ਸੋਚਣਾ ਚਾਹੀਦਾ ਹੈ ਕਿ ਉਹਨਾਂ ਤੋਂ ਕਿਹੜੀਆਂ ਗਲਤੀਆਂ ਰਹੀਆਂ ਹਨ, ਜਿਹੜੀਆਂ ਸਾਨੂੰ ਅਗਾਂਹ ਨਹੀਂ ਦੁਹਰਾਉਣੀਆਂ ਚਾਹੀਦੀਆਂ।

ਪਰੰਤੂ ਸੀ. ਪੀ. ਐਮ. ਇਸ ਘਟਨਾ ਨੂੰ ਚਿਲੀ ਦੇ ਕਮਿਊਨਿਸਟਾਂ ਦੀ ਜਿੱਤ ਸਮਝਦੀ ਹੈ ਅਤੇ ਆਪਣੇ ਮਤੇ ਵਿਚ ਲਿਖਦੀ ਹੈ :

"ਚਿਲੀ ਦੀ ਕਮਿਊਨਿਸਟ ਪਾਰਟੀ, ਸੋਸ਼ਲਿਸਟ ਪਾਰਟੀ ਅਤੇ ਹੋਰ ਇਨਕਲਾਬੀ ਸ਼ਕਤੀਆਂ ਸਮੇਤ ਚਿਲੀ ਵਿਚ ਇਕ ਪਾਪੂਲਰ ਯੂਨਿਟੀ ਬਲਾਕ ਬਣਿਆ। ਇਸ ਬਲਾਕ ਨੇ ਮਿਹਨਤਕਸ਼ ਜਮਾਤ ਦੀਆਂ ਸ਼ਕਤੀਆਂ ਨੂੰ ਇਕ-ਮੁੱਠ ਹੋ ਕੇ ਚੋਣ ਵਿਚ ਜੇਤੂ ਹੋਣ ਦੇ ਯੋਗ ਬਣਾਇਆ। ਜਿਸ ਦੇ ਫਲਸਵਰੂਪ ਪ੍ਰਧਾਨਗੀ ਹਕੂਮਤ ਨੂੰ ਚਿਲੀ ਵਿਚ ਅਮਰੀਕੀ ਅਸਰ ਕਮਜ਼ੋਰ ਕਰਨ ਅਤੇ ਇਨਕਲਾਬੀ ਲਹਿਰ ਨੂੰ ਅੱਗੇ ਖੜਨ ਦੇ ਯੋਗ ਬਣਾਇਆ। ਚਿਲੀ ਦੇ ਤਜਰਬੇ ਨੇ ਇਸ ਖੱਬੇ ਤੰਗ-ਨਜ਼ਰੀ ਸਿਧਾਂਤ ਨੂੰ ਰੱਦ ਕਰ ਦਿਤਾ ਹੈ ਕਿ ਪਾਰਲੀਮਾਨੀ ਅਖਾੜੇ ਵਿਚ ਸੰਘਰਸ਼ ਬੇਅਰਥ ਹੈ ਅਤੇ ਸੰਘਰਸ਼ ਦੇ ਇਸ ਤਰੀਕੇ ਨੂੰ ਅਪਨਾਉਣਾ ਸੋਧਵਾਦ ਅਤੇ ਸੱਜੇ ਪੱਖੀ ਮੌਕਾ-ਪ੍ਰਸਤੀ ਹੈ।"

ਇਹ ਗੱਲ ਤਾਂ ਹੀ ਆਖੀ ਜਾ ਸਕਦੀ ਹੈ ਜੇਕਰ

ਫੌਜੀ-ਜੁੰਡਲੀ ਨੇ ਬਗਾਵਤ ਕਰਨ ਦਾ ਯਤਨ ਕੀਤਾ ਹੁੰਦਾ ਅਤੇ 'ਪਾਪੂਲਰ ਯੂਨਿਟੀ ਬਲਾਕ' ਨੇ ਇਸ ਨੂੰ ਸਫਲਤਾ ਪੂਰਬਕ ਕਾਬੂ ਕਰ ਲਿਆ ਹੁੰਦਾ। ਇਥੇ ਹੀ ਬੱਸ ਨਹੀਂ ਅਗਾਂਹ ਜਾ ਕੇ ਕੇਂਦਰੀ ਕਮੇਟੀ ਆਪਣਾ ਪੱਖ ਖੁਲ੍ਹ ਕੇ ਪੇਸ਼ ਕਰਦੀ ਹੈ :

"੧੯੭੦ ਵਿਚ ਅਲੈਂਡੇ ਰਾਜ ਦੇ ਕਾਇਮ ਹੋਣ ਤੇ ਇਸ ਸਾਲ (੧੯੭੩) ਦੇ ਸਤੰਬਰ ਵਿਚ 'ਇਸ ਰਾਜ ਦਾ ਪਲਟਾ ਹੋ ਜਾਣ ਨਾਲ' ਮਾਰਕਸਵਾਦ-ਲੈਨਿਨਵਾਦ ਵਲੋਂ ਲੱਭੀ ਹੋਈ ਇਸ ਸਚਿਆਈ ਨੂੰ ਇਕ ਵਾਰੀ ਫਿਰ ਪੱਕਾ ਕਰ ਦਿਤਾ ਹੈ ਕਿ ਮਜ਼ਦੂਰ ਜਮਾਤ ਦੀ ਅਗਵਾਈ ਵਿਚ ਮਿਹਨਤਕਸ਼ ਲੋਕ ਸਮਾਜ ਦੀਆਂ ਸਾਰੀਆਂ ਅਗਾਂਹ-ਵਧੂ ਲੋਕਰਾਜੀ ਸ਼ਕਤੀਆਂ ਨੂੰ ਇਕ-ਮੁੱਠ ਕਰਕੇ ਵਧਣ, ਆਪਣੀ ਲਹਿਰ ਨੂੰ ਅੱਗੇ ਲੈ ਜਾਣ ਲਈ ਬੁਰਜੂਆ ਪਾਰਲੀਮਾਨੀ ਢਾਂਚਾ ਵਰਤ ਸਕਦੀਆਂ ਹਨ।"

ਜੇ ਇਹ ਦਲੀਲ ੧੯੭੦ ਵਿਚ ਐਲੈਂਡੇ ਸਰਕਾਰ ਨੂੰ ਵਧਾਈ ਦੇਣ ਸਮੇਂ ਆਖੀ ਹੁੰਦੀ ਤਾਂ ਸ਼ਾਇਦ ਜਚ ਜਾਣੀ ਸੀ। ਸੋਧਵਾਦੀਆਂ ਨੇ ਇਸ ਗਲ ਨੂੰ ਉਸ ਸਮੇਂ ਪੂਰੀ ਤਰ੍ਹਾਂ ਉਛਾਲਿਆ ਸੀ ਅਤੇ ਕਿਹਾ ਸੀ ਕਿ ਹੁਣ ਦੇ ਯੁਗ ਵਿਚ ਮਜ਼ਦੂਰ ਜਮਾਤ ਨੂੰ ਰਾਜ-ਸੱਤਾ ਤੇ ਕਾਬਜ਼ ਹੋਣ ਲਈ ਹਥਿਆਰਬੰਦ ਤਿਆਰੀ ਦੀ ਲੋੜ ਨਹੀਂ ਪਏਗੀ ਸਗੋਂ ਚਿਲੀ ਦੀ ਤਰ੍ਹਾਂ ਵੋਟਾਂ ਨਾਲ ਹੀ ਉਪਰ ਆਇਆ ਜਾ ਸਕਦਾ ਹੈ। ਪਰ ਅਜ ਕੋਈ ਵੀ ਜਿਸ ਦੇ ਸੋਚਣ ਲਈ ਸਿਰ ਲਗਿਆ ਹੋਵੇ, ਸਮਝ ਸਕਦਾ ਹੈ ਕਿ ਜੇ ਮਜ਼ਦੂਰਾਂ ਦੇ ਨੇਤਾ ਹਥਿਆਰਬੰਦ ਤਾਕਤ ਨੂੰ ਤਾਕਤ ਮੰਨਣ ਵਿਚ ਵਿਸ਼ਵਾਸ ਛੱਡ ਵੀ ਦੇਣ, ਤਾਂ ਵੀ ਬੁਰਜੁਆਜ਼ੀ ਅਜਿਹੀ ਗਲਤੀ ਨਹੀਂ ਕਰਦੀ। ਬੁਰਜੁਆਜ਼ੀ ਪੂਰੀ ਤਰ੍ਹਾਂ ਸਮਝਦੀ ਹੈ ਕਿ ਜਦ ਤਕ ਉਸ ਪਾਸ ਤਿਆਰ-ਬਰ-ਤਿਆਰ ਹਥਿਆਰਬੰਦ ਤਾਕਤ ਹੈ, ਉਸ ਨੂੰ ਖਾਲੀ ਹੱਥ ਵੋਟਾਂ ਤੋਂ ਕੋਈ ਖਤਰਾ ਨਹੀਂ। ਸਰਮਾਏਦਾਰਾਂ ਦੀ ਸੰਗਠਤ ਰਾਜ ਤਾਕਤ ਕਦੇ ਤਿਲਕ ਕੇ ਮਜ਼ਦੂਰ ਦੇ ਹੱਥ 'ਚ ਨਹੀਂ ਆ ਸਕਦੀ। ਸਗੋਂ ਮਜ਼ਦੂਰ ਜਮਾਤ ਨੂੰ ਉਸ ਦੇ ਮੁਕਾਬਲੇ ਦੀ ਤਾਕਤ ਖੁਦ ਸੰਗਠਤ ਕਰਨੀ ਪੈਂਦੀ ਹੈ ਅਤੇ ਇਸੇ ਨੂੰ ਹੀ ਲੋਕ ਤਾਕਤ ਜਾਂ ਫਿਰ ਲੋਕ ਸੈਨਾ ਕਿਹਾ ਜਾਂਦਾ ਹੈ। ਇਸ ਸੈਨਾ ਦੀ ਮਦਦ ਨਾਲ ਹੀ ਸਰਮਾਏਦਾਰੀ ਦੀ ਸਾਰੀ ਮਸ਼ੀਨਰੀ ਨੂੰ ਤਹਿਸ਼ ਨਹਿਸ਼ ਕਰਕੇ ਸਮਾਜਵਾਦ ਵਲ ਵਧਿਆ ਜਾ ਸਕਦਾ ਹੈ। ਪਰੰਤੂ ਚਿਲੀ ਦੀ ਅਲੈਂਡੇ ਸਰਕਾਰ ਨੇ ਲੋਕ ਸੈਨਾਂ ਉਸਾਰਨ ਦੀ ਥਾਂ ਸਰਮਾਏਦਾਰੀ ਦੀ ਬਣੀ ਬਣਾਈ ਫੌਜ ਨੂੰ ਆਪਣੀ ਸਰਕਾਰ ਵਿਚ ਪ੍ਰਤੀਨਿਧਤਾ ਦਿੱਤੀ ਜਿਸ ਦਾ ਸਾਫ ਮਤਲਬ ਸੀ ਕਿ ਉਹ ਕੁਰਸੀਆਂ ਤੇ ਬੈਠ ਕੇ, ਬੁਰਜੂਆ ਮਸ਼ੀਨਰੀ ਨੂੰ ਵਰਤ ਕੇ ਹੀ ਸਮਾਜਵਾਦ ਦੇ ਸੁਪਨੇ ਲੈ ਰਹੇ ਸਨ। ਘਟਨਾਵਾਂ ਨੇ ਸਿੱਧ ਕਰ ਦਿਤਾ ਹੈ ਕਿ ਉਹ ਗਲਤ ਸਨ। ਉਹਨਾਂ ਨੂੰ ਪਾਰਲੀਮਾਨੀ ਢਾਂਚੇ ਨੂੰ ਇਤਨਾ ਜ਼ਿਆਦਾ ਅਧਾਰ ਨਹੀਂ ਸੀ ਬਨਾਉਣਾ ਚਾਹੀਦਾ। ਜੇ ਉਹ ਆਪਣੇ ਹਾਲਾਤ ਮੁਤਾਬਕ ਵੋਟਾਂ ਵਿਚ ਹਿੱਸਾ, ਲਹਿਰ ਨੂੰ ਅਗੇ ਖੜਨ ਵਿਚ ਸਹਿਯੋਗੀ ਸਮਝਦੇ ਸਨ ਤਾਂ ਕਰ ਲੈਂਦੇ ਪ੍ਰੰਤੂ ਸਰਮਾਏਦਾਰੀ ਦੀ ਹਥਿਆਰਬੰਦ ਤਾਕਤ ਦਾ ਮੁਕਾਬਲਾ ਕਰਨ ਲਈ ਉਹਨਾਂ ਨੂੰ ਵੀਅਤਨਾਮ ਵਾਂਗ ਹਥਿਆਰਬੰਦ ਗੁਰੀਲੇ ਦਸਤੇ ਤਿਆਰ ਕਰਨੇ ਚਾਹੀਦੇ ਸਨ, ਜਿਹੜੇ ਸਰਮਾਇਦਾਰੀ ਦਾ ਸਿਰ ਪੂਰੀ ਤਰ੍ਹਾਂ ਫੇਹ ਸੁੱਟਦੇ।

ਸੀ. ਪੀ. ਐਮ. ਦੀ ਕੇਂਦਰੀ ਕਮੇਟੀ ਨੇ ਆਪਣੀ ਗਲਤ ਗਲ ਸਿੱਧ ਕਰਨ ਲਈ ਕੁਝ ਸਚਾਈਆਂ ਨੂੰ ਵਿਗਾੜ ਕੇ ਵੀ ਪੇਸ਼ ਕਰਨ ਦਾ ਯਤਨ ਕੀਤਾ ਹੈ। ਜਿਸ ਤਰ੍ਹਾਂ ਉਹ ਲਿਖਦੇ ਹਨ, 'ਅਲੈਂਡੇ ਰਾਜ ਦੇ ਡਿਗਣ ਅਤੇ ਫੌਜੀ ਦਹਿਸ਼ਤ ਫੈਲਾਏ ਜਾਣ ਦੇ ਬਾਵਜੂਦ ਅਜੇ ਵੀ ਲੋਕ ਟਾਕਰਾ ਕਰ ਰਹੇ ਹਨ।' ਉਂਜ ਤਾਂ ਵਿਚਾਰੇ ਲੋਕ ਸਦਾ ਹੀ ਜਬਰ ਦਾ ਟਾਕਰਾ ਕਰਦੇ ਰਹਿੰਦੇ ਹਨ, ਜਿਸ ਤਰ੍ਹਾਂ ਅਜ ਹਿੰਦੁਸਤਾਨੀ ਵੀ ਕਰ ਰਹੇ ਹਨ। ਪਰੰਤੂ ਸੀ. ਪੀ. ਐਮ. ਦੀ ਇਸ ਗੱਲ ਤੋਂ ਇਹ ਭਾਵ ਲੱਗਦਾ ਹੈ ਕਿ ਉਥੇ ਫੌਜੀ ਜੁੰਡਲੀ ਦੀ ਮੁਕਾਬਲਾ ਕਰਨ ਲਈ ਕੋਈ ਲੋਕ ਸੈਨਾ ਲੜ ਰਹੀ ਹੈ। ਜੇ ਅਜਿਹੀ ਗੱਲ ਹੁੰਦੀ ਤਾਂ ਦੁਨੀਆਂ ਭਰ ਦੇ ਲੋਕ (ਸੀ. ਪੀ. ਐਮ. ਵੀ) ਇਹ ਨਾ ਮੰਨਦੇ ਕਿ ਚਿੱਲੀ ਵਿਚ ਰਾਜ ਪਲਟਾ ਹੋ ਗਿਆ। ਸਗੋਂ ਇਹ ਆਖਦੇ ਕਿ ਚਿੱਲੀ ਵਿਚ ਫੌਜ ਨੇ ਸਰਮਾਏਦਾਰੀ ਦੀ ਸ਼ਹਿ ਤੇ ਬਗਾਵਤ ਕੀਤੀ ਹੈ, ਜਿਸ ਦਾ ਅਲੈਂਡੇ ਸਰਕਾਰ ਦੀ ਲੋਕ ਸੈਨਾ ਡੱਟ ਕੇ ਟਾਕਰਾ ਕਰ ਰਹੀ ਹੈ ਜਾਂ ਫਿਰ ਉਥੇ ਦੋ ਸਮਾਨੰਤਰ ਸਰਕਾਰਾਂ ਦੀ ਹੋਂਦ ਨਜ਼ਰ ਆਉਂਦੀ ਅਤੇ ਹਿੰਦੁਸਤਾਨ ਦੀ ਪ੍ਰੈਸ ਜਿਹੜੀ ਸਮੁਚੇ ਤੌਰ ਤੇ ਅਲੈਂਡੇ ਸਰਕਾਰ ਦੀ ਹਮਦਰਦ ਹੈ, ਚਿੱਲੀ ਦੀ ਲੋਕ ਸੈਨਾ ਦੀਆਂ ਰੋਜ਼ ਦੀਆਂ ਜਿੱਤਾਂ ਦੀਆਂ ਸੁਰਖੀਆਂ ਲਾਉਂਦੀ, ਜਿਸ ਤਰ੍ਹਾਂ ਕਿ ਵੀਅਤਨਾਮ ਦੇ ਸਬੰਧ ਵਿਚ ਅਸੀਂ ਵੇਖਦੇ ਆਏ ਹਾਂ। ਜੇ ਇਹ ਮੰਨ ਵੀ ਲਿਆ ਜਾਏ ਕਿ ਹਿੰਦੁਸਤਾਨ ਦੀ ਬੁਰਜੂਆ ਪ੍ਰੈਸ ਚਿਲੀ ਦੀ ਲੋਕ ਸੈਨਾ ਜਿਹੜੀ ਕਿ ਡਟ ਕੇ ਟਾਕਰਾ ਕਰ ਰਹੀ

ਹੈ, ਦੀਆਂ ਸਫ਼ਲਤਾਵਾਂ ਤੇ ਪ੍ਰਾਪਤੀਆਂ ਨੂੰ ਲੋਚਦੀ ਹੈ, ਤਾਂ ਘੱਟੋ ਘੱਟ 'ਲੋਕ-ਲਹਿਰ' ਨੂੰ ਦੱਸਣਾ ਚਾਹੀਦਾ ਸੀ ਕਿ ਚਿੱਲੀ ਦੀ ਲੋਕ ਸੈਨਾ ਨੇ ਇਤਨੇ ਥਾਣੇ ਕਬਜ਼ੇ 'ਚ ਕਰ ਲਏ ਹਨ ਜਾਂ ਇਤਨੇ ਫੌਜੀਆਂ ਤੋਂ ਹਥਿਆਰ ਸੁਟਵਾ ਲਏ ਹਨ। ਪਰੰਤੂ ਜੇ ਟਾਕਰੇ ਤੋਂ ਭਾਵ ਹੈ ਕਿ ਲੋਕ ਫੌਜੀ ਸਰਕਾਰ ਦੇ ਵਿਰੁਧ ਮੁਜ਼ਾਹਰੇ ਕਰ ਰਹੇ ਹਨ ਤਾਂ ਸਾਨੂੰ ਇਹ ਮੰਨਣਾ ਪਏਗਾ ਕਿ ਦੇਸ਼ ਵਿਚ ਪ੍ਰਧਾਨਗੀ ਹੱਥ ਆ ਜਾਣ ਤੋਂ ਬਾਦ ਮਜ਼ਦੂਰ ਜਮਾਤ ਜੇ ਫਿਰ ਮੁਜ਼ਾਹਰਿਆਂ ਤੇ ਉਤਰ ਆਈ ਹੈ ਤਾਂ ਲਹਿਰ ਬਹੁਤ ਕਦਮ ਪਿਛੇ ਚਲੀ ਗਈ ਹੈ। ਜਿਸ ਦਾ ਇਕੋ ਇਕ ਕਾਰਣ ਉਹਨਾਂ ਦੇ 'ਪਾਰਲੀਮਾਨੀ ਅਖਾੜੇ ਵਿਚ ਸੰਘਰਸ਼' ਤੇ ਬੇਲੋੜਾ ਵਿਸ਼ਵਾਸ ਤੇ ਹਥਿਆਰਬੰਦ ਤਿਆਰੀ ਨਾ ਕਰਨਾ ਹੀ ਸੀ।

ਮੈਂ ਸੀ.ਪੀ.ਐਮ. ਦੀ ਕੇਂਦਰੀ ਕਮੇਟੀ ਨੂੰ ਕਹਿਣਾ ਚਾਹੁੰਦਾ ਹਾਂ ਕਿ ਉਹ ਆਪਣੇ ਨਿਰਣੇ ਤੇ ਮੁੜ ਕੇ ਵਿਚਾਰ ਕਰਨ। ਉਹਨਾਂ ਦੇ ਇਸ ਨਿਰਣੇ ਤੋਂ ਸਾਫ ਨਜ਼ਰ ਆਉਂਦਾ ਹੈ ਕਿ ਉਹ ਚੋਣਾਂ ਵਿਚ ਸੰਘਰਸ਼ ਦਾਅ-ਪੇਚ ਦੇ ਤੌਰ ਤੇ (ਜਿਸ ਤਰ੍ਹਾਂ ਉਹ ਆਖਦੇ ਹਨ) ਹੀ ਨਹੀਂ, ਸਗੋਂ ਅਲੈਂਡੇ ਦੀ ਤਰ੍ਹਾਂ ਪਰਧਾਨ ਬਣ ਜਾਣ ਲਈ ਵੀ ਕਰਦੇ ਹਨ। ਜੇ ਇਸ ਤਰ੍ਹਾਂ ਨਹੀਂ ਤਾਂ ਉਹਨਾਂ ਦਾ ਪਹਿਲਾ ਕੰਮ ਇਹ ਬਣਦਾ ਸੀ ਕਿ ਚਿੱਲੀ ਦੀਆਂ ਅਸਫ਼ਲਤਾਵਾਂ ਨੂੰ ਸਾਹਮਣੇ ਰੱਖ ਕੇ ਦੱਸਦੇ ਕਿ ਕਿਸ ਤਰ੍ਹਾਂ ਉਹਨਾਂ ਦਾ ਚੋਣਾਂ ਵਿਚ ਵਿਸ਼ਵਾਸ ਚਿੱਲੀ ਦੇ ਨੇਤਾਵਾਂ ਨਾਲੋਂ ਵੱਖਰੀ ਤਰ੍ਹਾਂ ਦਾ ਹੈ ਤੇ ਉਹ ਉਸੇ ਤਰ੍ਹਾਂ ਧੋਖਾ ਨਹੀਂ ਖਾਣਗੇ।

○

## ਬਠਿੰਡਾ ਕਿਸਾਨ ਕਾਨਫਰੰਸ ਦੀ ਇਕ ਘਟਨਾ

[ਬਠਿੰਡਾ ਕਿਸਾਨ ਕਾਨਫ੍ਰੰਸ ਤੇ ਹੋਏ ਸਭਿਆਚਾਰਕ ਪ੍ਰੋਗਰਾਮ ਦੋ ਪਹਿਲੂਆਂ ਤੋਂ ਚਰਚਿਤ ਰਹੇ ਸਨ। ਇਕ ਪਹਿਲੂ ਤਾਂ ਇਹ ਸੀ ਕਿ ਇਸ ਸਭਿਆਚਾਰਕ ਪ੍ਰੋਗਰਾਮ ਵਿਚ ਪੇਸ਼ ਕੀਤੀਆਂ ਬਹੁਤ ਸਾਰੀਆਂ ਚੀਜ਼ਾਂ ਇਕ ਲੜਾਕੂ ਜਥੇਬੰਦੀ ਜਿਸ ਦੇ ਨਾਲ ਦੇਸ਼ ਦੀ ਕਿਸਾਨੀ ਦੀ ਲੰਮੇ ਸੰਘਰਸ਼ਾਂ ਦੀ ਇਕ ਪਰੰਪਰਾ ਜੁੜਦੀ ਹੈ, ਉਹਦੀ ਆਲ ਇੰਡੀਆ ਕਾਨਫਰੰਸ ਦੇ ਕਾਬਲ ਨਹੀਂ ਸਨ। ਸਰਕਾਰ ਦੇ ਲੋਕ ਸੰਪਰਕ ਵਿਭਾਗ ਵਲੋਂ ਕੀਤੇ ਗਏ ਸਭਿਆਚਾਰਕ ਪ੍ਰੋਗਰਾਮ ਵਿਚ ਇਹ ਚੀਜ਼ਾਂ ਪੇਸ਼ ਕੀਤੀਆਂ ਜਾਂਦੀਆਂ ਤਾਂ ਹੋਰ ਗੱਲ ਸੀ। ਦੂਸਰਾ ਚਰਚਿਤ ਪਹਿਲੂ ਕੁਝ ਕਥਿਤ ਨਕਸਲੀਆਂ ਵਲੋਂ ਪੰਡਾਲ ਵਿਚ ਗੜਬੜ ਮਚਾਉਣ ਦਾ ਯਤਨ ਅਤੇ ਉਹਨਾਂ ਦਾ ਵਾਲੰਟੀਅਰਾਂ ਵਲੋਂ ਨਿਜੱਠੇ ਜਾਣਾ ਸੀ। ਥੱਲੇ ਦਿਤਾ ਹੋਇਆ ਇਹ ਲੰਮਾ ਖਤ ਉਹਨਾਂ ਵਲੋਂ ਹੈ, ਜਿਹਨਾਂ ਨਾਲ ਨਜਿਠਿਆ ਗਿਆ ਸੀ। ਇਸ ਚਿੱਠੀ ਬਾਰੇ ਹਰ ਇਕ ਟਿਪਣੀ ਇਨ੍ਹਾਂ ਕਾਲਮਾਂ ਵਿਚ ਛਪ ਸਕੇਗੀ। ਆਪਸੀ ਵਿਹਾਰ ਦੇ ਇਹ ਘਿਨਾਉਣੇ ਪਹਿਲੂ ਅਗੇ ਲਿਆਉਣ ਦਾ ਸਾਡਾ ਇਹ ਮੰਤਵ ਹੈ ਕਿ ਖੱਬੇ ਧੜੇ ਦੇ ਨੀਤੀਵਾਨ ਆਪਣੇ ਮੱਤ-ਭੇਦਾਂ ਨੂੰ ਵਾਦ ਵਿਵਾਦ ਅਤੇ ਅਮਲੀ ਸੰਘਰਸ਼ਾਂ ਦੇ ਪਿੜ ਵਿਚ ਨਜਿੱਠਣ, ਨਾ ਕਿ ਤਾਰਾਂ ਤੇ ਸੰਗਲ ਸੁਟ ਕੇ ਇਕ ਦੂਜੇ ਦਾ ਪ੍ਰੋਗਰਾਮ ਫੇਲ੍ਹ ਕਰਨ ਜਾਂ ਇਕ ਦੂਜੇ ਨੂੰ ਕੁਟਾਪਾ ਚਾੜ੍ਹਕੇ ਆਪਣਾ ਇਨਕਲਾਬਪੁਣਾ ਵਿਖਾਉਣ ਜਾਂ ਦੂਜੇ ਦਾ ਇਨਕਲਾਬ-ਪੁਣਾ ਕੱਢਣ।

—ਸੰਪਾਦਕ ਲੇਖਕ ਫੋਰਮ]

## ਆਈ. / ਸੀ. ਪੀ. ਆਈ. / ਸੀ.

ਅਸੀਂ ਜਿਹਨਾਂ ਦੇ ਸਿਰਨਾਵੇਂ ਇਸ ਲਿਖਤ ਦੇ ਅਖੀਰ ਵਿਚ ਦਿਤੇ ਗਏ ਹਨ, ੨੦ ਸਤੰਬਰ ਨੂੰ ਬਦਕਿਸਮਤੀ ਨਾਲ ਸਰਬ-ਭਾਰਤੀ ਕਿਸਾਨ-ਸਭਾ ਦਾ ਸਮਾਗਮ ਦੇਖਣ ਬਠਿੰਡੇ ਚਲੇ ਗਏ। ਉਥੇ ਜੋ ਸਾਡੇ ਨਾਲ ਬੀਤੀ, ਪਾਠਕਾਂ ਸਾਹਮਣੇ ਪੇਸ਼ ਕਰਦੇ ਹਾਂ।

ਅਸੀਂ ਛੇ ਆਦਮੀ ਸ਼ਾਮ ਦੇ ਪੰਜ ਕੁ ਵਜੇ ਕਾਨਫ੍ਰੰਸ ਗਰਾਊਂਡ ਕੋਲ ਪਹੁੰਚੇ। ਚਾਹ ਦੀ ਦੁਕਾਨ ਤੇ ਕੁਝ ਬਿਹਾਰੀ ਸਾਥੀ ਬੈਠੇ ਚਾਹ ਪੀ ਰਹੇ ਸਨ। ਅਸੀਂ ਉਨ੍ਹਾਂ ਨਾਲ ਗੱਲੀਂ ਪੈ ਗਏ। ਉਹਨਾਂ ਦੀਆਂ ਦੁੱਧ-ਚਿੱਟੀਆਂ ਧੋਤੀਆਂ ਕੁਝ ਇਸ ਤਰ੍ਹਾਂ ਬੰਨ੍ਹੀਆਂ ਹੋਈਆਂ ਸਨ ਕਿ ਸਾਡੇ ਵਿਚੋਂ ਇਕ ਤੋਂ ਮੱਲੋ-ਮੱਲੀ ਕਹਿ ਹੋ ਗਿਆ: "ਇਹ ਕਿਸਾਨ ਨੇ ਕਿ ਕਪਾਹ ਦੇ ਵਪਾਰੀ?" ਉਨ੍ਹਾਂ ਦੇ ਮੁਲਾਇਮ ਹੱਥ ਉਹਨਾਂ ਦੇ ਕਿਸਾਨ ਨਾ ਹੋਣ ਦੇ ਗਵਾਹ ਸਨ।

ਇਹ ਗਲ ਸੁਣ ਕੇ ਕੋਲ ਖੜ੍ਹੇ ਵਲੰਟੀਅਰ ਸਾਥੀਆਂ ਨੇ ਅੰਦਾਜ਼ਾ ਲਾਇਆ ਕਿ ਅਸੀਂ ਉਹਨਾਂ ਦੇ ਸਿਆਸੀ ਵਿਰੋਧੀ ਹਾਂ ਤੇ ਸਾਡੀ ਨੀਅਤ ਕਾਨਫ੍ਰੰਸ ਵਿਚ ਗੜਬੜ ਕਰਨ ਦੀ ਹੈ। ਖੁਫੀਏ ਸਾਥੀ ਸਾਡਾ ਪਿੱਛਾ ਕਰਨ ਲਗ ਪਏ। ਅਸੀਂ ਨੁਮਾਇਸ਼ ਵਿਚ ਚਲੇ ਗਏ ਤੇ ਉਥੇ ਮੋਟਰ-ਸਾਈਕਲ, ਜਰਸੀਆਂ, ਟਰੈਕਟਰ, ਨੰਗੀਆਂ ਤਸਵੀਰਾਂ ਤੇ ਕਿਤਾਬਾਂ ਆਦਿ ਦੀਆਂ ਦੁਕਾਨਾਂ ਦੇਖਦੇ ਰਹੇ। ਕਿਤਾਬਾਂ ਵੇਚਣ ਵਾਲੇ ਸਾਥੀ ਨੂੰ ਸਾਡੇ ਵਿਚੋਂ ਇਕ ਨੇ ਪੁਛਿਆ:

"ਰੂਸ ਵਾਲੇ ਸਟਾਲਿਨ ਦੀ ਕੋਈ ਕਿਤਾਬ ਕਿਉਂ ਨੀ ਛਾਪਦੇ ?"

ਕਿਤਾਬਾਂ ਵਾਲੇ ਸਾਥੀ ਨੇ ਜੁਆਬ ਦਿੱਤਾ :

"ਸਟਾਲਿਨ ਨੂੰ ਤਾਂ ਸਾਥੀ ਰੂਸ ਨੇ ਮਾਰਕਸ ਵਿਰੋਧੀ ਸਿੱਧ ਕਰ ਦਿਤਾ ਹੈ।", ਉਸ ਦੇ ਕਹਿਣ ਦਾ ਲਹਿਜ਼ਾ ਕੁਝ ਇਸ ਤਰ੍ਹਾਂ ਦਾ ਸੀ ਜਿਵੇਂ ਰੂਸ ਨੇ ਸਟਾਲਿਨ ਦੀ ਰਚਨਾ ਤੇ ਕੰਮ ਨੂੰ ਕਿਸੇ ਪ੍ਰਯੋਗਸ਼ਾਲਾ ਦੀਆਂ ਪਰਖ-ਨਲੀਆਂ ਵਿਚ ਪਾ ਕੇ ਸੁੰਘਿਆ ਹੋਵੇ ਤੇ ਉਸ ਵਿਚੋਂ ਮਾਰਕਸ-ਵਿਰੋਧੀ ਦੁਰਗੰਧ ਆਈ ਹੋਵੇ।

ਖ਼ੈਰ, ਅਸੀਂ ਨੁਮਾਇਸ਼ ਦੇਖਦੇ ਰਹੇ। ਤੇ ਸਾਥੀਆਂ ਦੇ ਖੁਫੀਆ ਸਾਥੀ ਸਾਡਾ ਪਿੱਛਾ ਕਰਦੇ ਰਹੇ। ਸਾਢੇ ਕੁ ਛੇ ਵਜੇ ਅਸੀਂ ਹੋਟਲ ਤੇ ਰੋਟੀ ਖਾਣ ਚਲੇ ਗਏ। ਅੱਠ ਕੁ ਵਜੇ ਸਭਿਆਚਾਰਕ ਪ੍ਰੋਗਰਾਮ ਦੇਖਣ ਫੇਰ ਆ ਗਏ। ਉਥੇ ਗੀਤ, ਗੀਤ-ਨਾਟ ਵਗੈਰਾ ਹੁੰਦੇ ਰਹੇ। ਜਲਸੇ ਦਾ ਠੁੱਕ ਬੰਨ੍ਹਣ ਲਈ 'ਅਗਾਂਹ-ਵਧੂ' ਲੋਕ-ਕਵੀਆਂ ਨੇ ਚਿਉਂਦੇ ਚਿਉਂਦੇ ਗੀਤ ਸੁਣਾਏ। ਫਿਰ ਸਟੇਜ ਤੋਂ ਐਲਾਨ ਹੋਇਆ :

"ਹੁਣ ਤੁਸੀਂ ਸਾਥੀ ਰਹਿਮਤ ਕੱਵਾਲ ਐਂਡ ਪਾਰਟੀ ਤੋਂ ਕੱਵਾਲੀ ਸੁਣੋਗੇ।" ਕੱਵਾਲੀ ਦੇ ਬੋਲ ਕੁਝ ਇਸ ਤਰ੍ਹਾਂ ਸਨ—"ਤੁਝੇ ਕੌਨ ਪੂਛਤਾ ਥਾ ਮੇਰੀ ਆਸ਼ਕੀ ਸੇ ਪਹਿਲੇ !" ਕਵਾਲੀ ਮੱਕੇ ਜਾ ਕੇ ਇਸ਼ਕ ਵਿਚ ਉਲਝ ਗਈ। ਸਾਡੇ ਵਿਚੋਂ ਦੋ ਜਣੇ ਉਕਤਾ ਗਏ ਤੇ ਚਾਹ ਪੀਣ ਚਲੇ ਗਏ। ਕਵਾਲੀ ਲਮਕਦੀ ਗਈ। ਕੋਈ ਦਸ ਕੁ ਮਿੰਟਾਂ ਮਗਰੋਂ ਕੋਈ ਸੱਠ ਕੁ ਵਲੰਟੀਅਰ ਸਾਥੀ ਸਾਡੇ ਤੇ ਡਾਂਗਾਂ ਨਾਲ ਝਪਟ ਪਏ। ਇਕ ਸਾਥੀ ਨੇ ਛੁਰਾ ਵੀ ਕੱਢਿਆ, ਪਰ ਮਾਰਿਆ ਨਹੀਂ।

ਸਟੇਜ ਤੋਂ ਅਵਤਾਰ ਸਿੰਘ ਮਲਹੋਤਰਾ ਨੇ ਇੰਸ ਭਾਰੀ ਜਿੱਤ ਦੀ ਖੁਸ਼ਖਬਰੀ ਦਾ ਐਲਾਨ ਕੀਤਾ : "ਜਿਹੜੇ ਕਾਨਫਰੰਸ ਵਿਚ ਗੜਬੜ ਕਰਦੇ ਸਨ ਉਹਨਾਂ ਨੂੰ ਸਾਥੀਆਂ ਨੇ ਬੜੀ ਕਾਮਯਾਬੀ ਅਤੇ ਹੁਸ਼ਿਆਰੀ ਨਾਲ ਗ੍ਰਿਫਤਾਰ ਕਰ ਲਿਆ ਹੈ। ਆਪਣੇ ਆਪ ਨੂੰ ਵੱਡੇ ਇਨਕਲਾਬੀ ਕਹਿਣ ਵਾਲੇ ਹੁਣ ਸਾਡੇ ਪੰਜੇ ਵਿਚ ਹਨ। ਹੁਣ ਅਸੀਂ ਇਹਨਾਂ 'ਸਿਰ ਫਿਰਿਆਂ' ਨਾਲ ਸਿੱਝਾਂਗੇ।" 'ਸਿਰ ਫਿਰੇ' ਸ਼ਬਦ ਸੁਣ ਕੇ ਸਾਨੂੰ ਇਹ ਗੱਲ ਖਟਕੀ ਕਿ ਕਿਤੇ ਇਹ ਸਾਨੂੰ ਭੁਲੇਖੇ ਨਾਲ ਇਨਕਲਾਬੀ ਸਮਝ ਕੇ ਤਾਂ ਨਹੀਂ ਨੂੜੀ ਜਾ ਰਹੇ। ਕਿਉਂਕਿ ਬਹੁਤ ਚਿਰ ਪਹਿਲਾਂ ਗਾਂਧੀ ਵਲੋਂ ਸ਼ਹੀਦ ਭਗਤ ਸਿੰਘ ਹੋਰਾਂ ਬਾਰੇ ਵਰਤੇ ਗਏ ਇਹ ਸ਼ਬਦ ਅਜ ਕੱਲ੍ਹ ਉਹਨਾਂ ਅਰਥਾਂ ਵਿਚ ਹੀ ਸੀ. ਪੀ. ਆਈ. ਦੇ ਉਚਾਰਨਾਂ ਵਿਚ ਅਕਸਰ ਪਾਏ ਜਾਂਦੇ ਹਨ।

ਸਾਡੇ ਤੇ ਡਾਂਗਾਂ, ਠੁੱਡੇ ਵਰ੍ਹਦੇ ਰਹੇ। ਅਸੀਂ ਬਥੇਰਾ ਰੌਲਾ-ਰੱਪਾ ਪਾਇਆ ਕਿ ਸਾਡਾ ਕੋਈ ਕਸੂਰ ਨਹੀਂ, ਪਰ ਪਸ਼ੂਆਂ ਦੀ ਮੰਡੀ ਵਿਚ ਦੁਲੱਤਿਆਂ ਦਾ ਕੋਈ ਜ਼ਿੰਮੇਵਾਰ ਨਹੀਂ ਹੁੰਦਾ। ਸਾਡੇ ਵਿਚੋਂ ਇਕ ਦਾ ਸਿਰ ਪਾਟ ਗਿਆ। ਲਹੂ ਨਾਲ ਉਸ ਦੇ ਕਪੜੇ ਗੱਚ ਹੋ ਗਏ। ਇਕ ਦੀ ਖੱਬੇ ਹੱਥ ਦੀ ਉਂਗਲ ਟੁੱਟ ਗਈ ਤੇ ਬਾਕੀ ਦੋਹਾਂ ਦੇ ਗੁੱਝੀਆਂ ਸੱਟਾਂ ਵੱਜੀਆਂ। ਜਿਸ ਦਾ ਸਿਰ ਪਾਟਿਆ ਸੀ ਉਸ ਨੂੰ ਸਾਥੀਆਂ ਨੇ ਆਪਣੇ ਤੰਬੂ ਨਾਮੀ ਇੰਨਟੈਰੋਗੇਸ਼ਨ ਸੈਂਟਰ ਵਿਚ ਲਿਜਾ ਕੇ ਹੋਰ ਵੀ ਬੁਰੀ ਤਰ੍ਹਾਂ ਕੁੱਟਿਆ ਮਾਰਿਆ ਕਿਉਂਕਿ ਸ਼ੁਰੂ ਵਿਚ ਉਸ ਨੇ ਭੱਜ ਕੇ ਬਚ ਨਿਕਲਣ ਦੀ ਗੁਸਤਾਖ਼ੀ ਕੀਤੀ ਸੀ।

"ਸਾਨੂੰ ਮੀਟ ਐਵੇਂ ਈ ਖੁਆਇਐ, ਜੇ ਤੁਸੀਂ ਹੀ ਭੱਜਗੇ ਤਾਂ !" ਇਕ ਵਲੰਟੀਅਰ ਸਾਥੀ ਨੇ ਉਸ ਦੇ ਠੁੱਡਾ ਮਾਰਦਿਆਂ ਕਿਹਾ। ਇਕ ਸਾਥੀ ਨੇ ਉਸਦੇ ਕੇਸ ਫੜੇ, ਦੂਜੇ ਨੇ ਮੂੰਹ ਵਿਚ ਕਪੜਾ ਤੁੰਨਣ ਦੀ ਕੋਸ਼ਿਸ਼ ਕੀਤੀ। ਪਰ ਉਸਨੂੰ ਤਾਂ ਹੁਣ ਤਕ ਦੰਦਲ ਪੈ ਚੁਕੀ ਸੀ। ਬਾਂਸ ਦੇ ਡੰਡੇ ਨਾਲ ਉਸਦੀ ਦੰਦਲ ਭੰਨੀ ਗਈ। ਜਦੋਂ ਉਸ ਨੂੰ ਹੋਸ਼ ਆਈ, ਉਸ ਦੀ ਇਕ ਖਾਖ ਪਾਟੀ ਹੋਈ ਸੀ। ਫਿਰ ਉਸ ਦੇ ਮੂੰਹ ਵਿਚ ਰੇਤਾ ਪਾਇਆ ਗਿਆ। ਇਸੇ ਖਿੱਚਾ-ਧੂਹੀ ਵਿਚ ਇਕ ਸਾਥੀ ਉਸ ਦੇ ੪੩ ਰੁਪਏ ਖਿਸਕਾ ਕੇ ਖਿਸਕ ਗਿਆ।

ਸਾਥੀਆਂ ਦਾ ਵਰਤਾਉ ਕਿੰਨਾ ਕੁ ਬੇਕਿਰਕ ਸੀ, ਇਸ ਬਾਰੇ ਪਾਠਕਾਂ ਨੂੰ ਬਹੁਤਾ ਕਲਪਣਾ ਤੋਂ ਹੀ ਕੰਮ ਲੈਣਾ ਪਵੇਗਾ। ਹਾਂ, ਇੰਨਾ ਸਾਨੂੰ ਜ਼ਰੂਰ ਲਗਿਆ ਕਿ ਇਹਨਾਂ ਸਾਥੀਆਂ ਨੇ ਰੂਸੀ ਨਾਵਲ ਪੜ੍ਹੇ ਹੋਏ ਹਨ ਤੇ ਉਹਨਾਂ ਚੋਂ ਵੀ ਜ਼ੁਲਮ ਦੇ ਖਿਲਾਫ ਲੜਾਈ ਵਾਲਾ ਹਿੱਸਾ ਨਹੀਂ ਸਿਰਫ ਜ਼ੁਲਮ ਕਰਨ ਵਾਲਾ ਹਿੱਸਾ ਹੀ ਪੜ੍ਹਿਆ ਹੈ।

ਇਸ ਦੇ ਦੌਰਾਨ ਸਾਨੂੰ ਤਿੰਨ ਆਦਮੀਆਂ ਨੂੰ ਤੰਬੂ ਦੇ ਬਾਹਰ ਹੱਥ ਪੈਰ ਨੂੜ ਕੇ ਬਿਠਾ ਦਿਤਾ ਗਿਆ। ਜਦੋਂ ਅਸੀਂ ਕਹਿੰਦੇ : "ਸਾਨੂੰ ਸਾਡਾ ਕਸੂਰ ਤਾਂ ਦੱਸੋ ?" ਤਾਂ ਸਾਨੂੰ ਠੁੱਡਿਆਂ ਨਾਲ ਜਵਾਬ ਮਿਲਦਾ : "ਵੱਡੇ ਇਨਕਲਾਬੀ, ਹਥਿਆਰਾਂ ਨਾਲ ਇਨਕਲਾਬ ਭਾਲਦੇ ਐ ! ਜਿਹੜਾ ਕਿਹੜਾ ਆਪਣੇ ਆਪ ਨੂੰ ਇਨਕਲਾਬੀ ਕਹਾਉਂਦੈ !" ਜਿਹੜੀ ਗੱਲ 'ਸਿਰ ਫਿਰੇ' ਸੁਣਦੇ ਸਾਡੇ ਮਨ ਵਿਚ ਖਟਕੀ ਸੀ, ਉਹ ਪੱਕੀ ਹੋ ਗਈ।

ਸਾਡੇ ਚੋਂ ਇਕ ਨੇ ਦੁਹਾਈ ਦਿੱਤੀ :

"ਓਏ ਕਿਹੜਾ ਭੜੂਆ ਇਨਕਲਾਬ ਦੀ ਗੱਲ ਕਰਦੈ, ਤੁਸੀਂ ਕੇਰਾਂ ਸਾਡਾ ਖਹਿੜਾ ਛੱਡੋ...।" ਉਸ ਦੇ ਮੌਰਾਂ 'ਚ ਵੱਜੀ ਡਾਂਗ ਨਾਲ ਫਿਕਰਾ ਤਾਂ ਵਿਚੇ ਟੁੱਟ ਗਿਆ ਤੇ ਵਲੰਟੀਅਰ ਸਾਥੀ ਦੀ ਆਵਾਜ਼ ਕੜਕੀ :

"ਸਾਲਿਆ, ਗਾਲ੍ਹ ਕੱਢਦੈਂ !"

'ਇੰਟੈਰੋਗੇਸ਼ਨ' ਦਾ ਮਤਲਬ ਪੁੱਛ-ਗਿੱਛ ਸਮਝ ਕੇ ਪਹਿਲਾਂ ਪਹਿਲਾਂ ਤਾਂ ਅਸੀਂ ਆਪਣੀ ਸਫਾਈ ਦੇਣ ਵਿਚ ਖਾਸੇ ਮੌਰ ਭਨਾ ਬੈਠੇ, ਪਰ ਛੇਤੀ ਹੀ ਸਾਨੂੰ ਆਪਣੀ ਇਸ ਮੂਰਖਤਾ ਦਾ ਅਹਿਸਾਸ ਹੋ ਗਿਆ। ਉਹ ਅਸਲ ਵਿਚ ਸਾਥੋਂ ਕੁਝ ਪੁੱਛਣ ਦੀ ਬਜਾਏ ਬਹੁਤਾ ਦੱਸਣਾ ਹੀ ਚਾਹੁੰਦੇ ਸਨ। ਤੇ ਫਿਰ ਅਸੀਂ ਆਗਿਆਕਾਰੀ ਹੰਸ ਸਰੋਤਿਆਂ ਵਾਂਗ ਚੁੱਪ-ਚਾਪ ਬੈਠੇ ਰਹੇ।

ਅੱਧੇ ਕੁ ਘੰਟੇ ਬਾਅਦ ਅਸੀਂ ਦੇਖਿਆ ਕੋਈ ਦਸ ਕੁ ਗਜ਼ ਦੀ ਦੂਰੀ ਤੇ ਸਾਡੇ ਚਾਹ ਪੀਣ ਗਏ ਦੋਸਤ ਵੀ ਨੂੜੇ ਬੈਠੇ ਸਨ। ਇਕ ਨੂੰ ਇਕ ਕਿਰਪਾਨ ਵਾਲੇ ਵਲੰਟੀਅਰ ਸਾਥੀ ਨੇ ਗਰਜ ਕੇ ਪੁਛਿਆ : "ਤੂੰ ਕੀ ਕੰਮ ਕਰਦੈਂ ਓਏ ?"

"ਮੈਂ ਲੈਕਚਰਾਰ ਹਾਂ।" ਉਸ ਨੇ ਜੁਆਬ ਦਿਤਾ।

"ਹੂੰਅ ! ਲੈਕਚਰ ਕਰਦੈਂ ਤੂੰ ! ਬੱਸ ਓਹੀ ਨ ਏਹ !" ਸਾਥੀ ਨੇ ਤਸੱਲੀ ਨਾਲ ਕਿਹਾ।

"ਤੂੰ ਹਰਭਜਨ ਤੇ ਵੇਦ ਨੂੰ ਜਾਣਦੈਂ ?"

"ਹੂੰਅ।"

"ਤਾਂ ਪੋਸਟਰ ਤੇ ਕਾਰਟੂਨ ਵੀ ਤੁਸੀਂ ਈ ਲਾਏ ਹੋਣੇ ਐਂ ?"

ਸ਼ਹਿਰ ਵਿਚ ਉਸੇ ਸ਼ਾਮ ਪੋਸਟਰ ਲੱਗੇ ਸਨ, ਜਿਨ੍ਹਾਂ ਵਿਚ ਇਸ ਕਿਸਾਨ-ਕਾਨਫ੍ਰੰਸ ਨੂੰ ਸੀ. ਪੀ. ਆਈ. ਅਤੇ ਕਾਂਗਰਸ ਦਾ ਸਾਂਝਾ ਡਰਾਮਾ ਲਿਖਿਆ ਗਿਆ ਸੀ। ਵੱਡੇ ਚੌਕ ਵਿਚ ਇਕ ਕਾਰਟੂਨ ਵੀ ਲੱਗਿਆ ਸੀ, ਜਿਸ ਵਿਚ ਡੁਗਡੁਗੀ ਫੜੀ ਇੰਦਰਾ ਗਾਂਧੀ ਸੀ. ਪੀ. ਆਈ. ਦੇ ਲੀਡਰਾਂ ਨੂੰ ਨਚਾ ਰਹੀ ਸੀ।

"ਨਹੀਂ ਜੀ, ਏਹਨਾਂ ਦਾ ਸਾਨੂੰ ਕੋਈ ਪਤਾ ਨੀ।" ਦੂਜੇ ਨੇ ਜੁਆਬ ਦਿਤਾ। ਤੇ ਫਿਰ ਉਹੀ ਖਿੱਚਾ-ਧੂਹੀ।

ਇਥੇ ਹੀ ਤੰਬੂ ਦੇ ਬਾਹਰ ਸਾਥੀਆਂ ਦੇ ਇੰਟੈਰੋਗੇਸ਼ਨ ਸੈਂਟਰ ਵਿਚ ਸਾਨੂੰ ਨੂੜਿਆ ਹੋਇਆ ਇਕ ਸੱਜਣ ਮਿਲਿਆ, ਜਿਸ ਨੇ ਆਪਣਾ ਨਾਮ ਤੇਜਾ ਸਿੰਘ ਦਸਿਆ। ਜਦੋਂ ਅਸੀਂ ਨੂੜੇ ਬੈਠੇ ਸਾਂ ਉਥੇ ਨਵਤੇਜ ਸਿੰਘ ਪ੍ਰੀਤ-ਲੜੀ ਆ ਗਿਆ। ਸਾਨੂੰ ਛੁਟਕਾਰੇ ਦੀ ਕੁਝ ਆਸ ਜਿਹੀ ਹੋ ਗਈ। ਅਸੀਂ ਸੋਚਿਆ ਸਿਆਣਾ ਆਦਮੀ ਹੈ, ਹੋਰ ਨਹੀਂ ਤਾਂ ਪੜਤਾਲ ਕਰਨ ਲਈ ਤਾਂ ਕਹੇਗਾ ਹੀ। ਸਾਡੇ ਵਿਚੋਂ ਇਕ ਨੇ ਉਸ ਨੂੰ ਕਿਹਾ :

"ਜੀ ਅਸੀਂ ਬਿਲਕੁਲ ਬੇਕਸੂਰ ਹਾਂ, ਤੁਸੀਂ ਸਾਡੀ ਪੜਤਾਲ ਕਰ ਲਓ, ਜੇ ਸਾਡੇ ਵਿਚ ਕੋਈ ਕਸੂਰ ਨਿਕਲੇ, ਜਿਵੇਂ ਮਰਜ਼ੀ ਕਰ ਲੈਣਾ। ਤੇ ਘਟੋ-ਘਟ ਜੀਹਦੀ ਇਕ ਉਂਗਲ ਟੁੱਟੀ ਐ, ਉਹਦਾ ਇਕ ਹੱਥ ਤਾਂ ਖੁਲ੍ਹਵਾ ਦਿਓ।"

"ਕੋਈ ਨੀ ਕਾਕਾ, ਤੁਸੀਂ ਘਬਰਾਓ ਨਾ। ਜੇ ਤੁਸੀਂ ਬੇਕਸੂਰ ਵੀ ਹੋ ਤਾਂ ਵੀ ਦੰਦਾਂ ਹੇਠ ਜੀਭ ਦੇ ਕੇ ਬਿੰਦ-ਝੱਟ ਦੀ ਮੁਸੀਬਤ ਕੱਟ ਲਓ। ਕਲ੍ਹ ਕਾਨਫ੍ਰੰਸ ਵਿਚ ਕੁਝ ਗੜਬੜ ਹੋ ਗਈ ਸੀ। ਮੁੰਡਿਆਂ ਦਾ ਅੱਜ ਟੈਂਪਰ ਲੂਜ਼ ਐ। ਤੁਸੀਂ ਹੋਰ ਨਹੀਂ ਤਾਂ ਕੁਰਬਾਨੀ ਸਮਝ ਕੇ ਈ ਕੱਟ ਲਓ।"

"ਮੇਰੀ ਧਰਤੀ, ਮੇਰੇ ਲੋਕ" ਦੇ ਲੇਖਕ ਦਾ ਜੁਆਬ ਸਾਡੇ ਵੱਜੇ ਦੁਲੱਤਿਆਂ ਨੂੰ ਕੁਰਬਾਨੀ ਦਾ ਰੁਤਬਾ ਦੇ ਗਿਆ।

ਇਹ ਤਾਂ ਉਹ ਗੱਲ ਹੋਈ ਅਖੇ : "ਲੈਰਾ ਜਿਹਾ ਮੁੰਡਾ ਰੋਈ ਜਾਵੇ, ਰੋਈ ਜਾਵੇ। ਨਿਹੰਗ ਨੇ ਕਿਹਾ, 'ਕੋਈ ਨੀ ਸਿੰਘਾ, ਵਾਹਿਗੁਰੂ ਦਾ ਭਾਣਾ ਮੰਨ, ਪੰਜਵੇਂ ਪਾਤਸ਼ਾਹ ਤੱਤੀ ਤਵੀ ਤੇ ਬਹਿਗੇ ਸੀ'......।"

ਪੁਲਸ ਬੁਲਾਈ ਗਈ। ਸਾਨੂੰ ਸਾਰਿਆਂ ਨੂੰ ਇਕੱਠੇ ਕਰ ਲਿਆ ਗਿਆ। ਸੀ. ਪੀ. ਆਈ. ਨੇ ਹੁਣ ਸਾਨੂੰ ਆਈ. ਪੀ. ਸੀ. ਦੇ ਹਵਾਲੇ ਕਰ ਦਿਤਾ। ਜਿਸ ਦਾ ਸਿਰ ਪਾਟਿਆ ਸੀ, ਉਸ ਨੂੰ ਪੁਲਸ ਨੇ ਲੈਣੋਂ ਨਾਂਹ ਕਰ ਦਿਤੀ। ਜਦੋਂ ਅਸੀਂ ਪੁਲਸ ਦੀ ਜੀਪ ਵਿਚ ਬਹਿ ਗਏ, ਅਸੀਂ ਸੁਖ ਦਾ ਸਾਹ ਲਿਆ, ਜਿਵੇਂ ਕੋਈ ਖੁਲ੍ਹੇ ਫਿਰਦੇ ਵੱਗ 'ਚੋਂ ਨਿਕਲ ਕੇ ਖੁਰਲੀਆਂ ਤੇ ਬੰਨ੍ਹੇ ਪਸ਼ੂਆਂ ਵਿਚ ਆ ਜਾਵੇ।

ਕਹਿੰਦੇ ਹਨ ਇਕ ਬਦਨਾਮ ਬਾਪ ਮਰਨ ਲੱਗਾ ਆਪਣੇ ਪੁੱਤ ਨੂੰ ਕਹਿ ਗਿਆ : "ਪੁੱਤ, ਤੂੰ ਮੈਨੂੰ ਚੰਗਾ ਅਖਵਾਈਂ।" ਬਾਪ ਮੁਰਦਿਆਂ ਨੂੰ ਕਬਰਾਂ 'ਚੋਂ ਕੱਢ ਕੇ ਉਹਨਾਂ ਦੇ ਮੂੰਹਾਂ ਚੋਂ ਪੈਸੇ ਕੱਢ ਲਿਆ ਕਰਦਾ ਸੀ। ਪੁੱਤਰ ਨੇ ਪੈਸੇ ਕੱਢਣ ਦੇ ਨਾਲ ਨਾਲ ਮੁਰਦਿਆਂ ਨੂੰ ਪੁੱਠੇ ਲਟਕਾਉਣਾ ਸ਼ੁਰੂ ਕਰ ਦਿਤਾ। ਜਦੋਂ ਲੋਕਾਂ ਨੂੰ ਪਤਾ ਲੱਗਿਆ ਤਾਂ ਉਹ ਕਹਿ ਉੱਠੇ : "ਏਹਦੇ ਨਾਲੋਂ ਤਾਂ ਏਹਦਾ ਬਾਪ ਈ ਚੰਗਾ ਸੀ।" ਅਸੀਂ ਸੋਚਿਆ ਸਾਥੀਆਂ ਦੀ ਜੇਲ੍ਹ ਨਾਲੋਂ ਤਾਂ ਪੁਲਸ ਦੀ ਜੇਲ੍ਹ ਹੀ ਚੰਗੀ ਹੈ। ਇਹ ਜ਼ਿੰਦਗੀ ਵਿਚ ਪਹਿਲੀ ਵਾਰ ਸੀ ਜਦੋਂ ਸਾਨੂੰ ਪੁਲਸ ਘੱਟ ਮਾੜੀ ਲੱਗੀ ਹੋਵੇ।

ਜਦੋਂ ਜੀਪ ਤੁਰਨ ਲੱਗੀ ਕਿਸਾਨ-ਲਹਿਰ ਦੇ ਮਸ਼ਹੂਰ ਨੇਤਾ ਐਮ. ਐਲ. ਏ. ਸਾਥੀ ਜੰਗੀਰ ਸਿੰਘ ਜੋਗਾ ਨੇ ਥਾਣੇਦਾਰ ਨੂੰ ਤਾਕੀਦ ਕੀਤੀ, 'ਸਾਥੀ ਇਹਨਾਂ ਨੂੰ ਜ਼ਰਾ ਚੰਗੀ ਤਰ੍ਹਾਂ ਖਿਚਿਓ !'

ਕੋਤਵਾਲੀ ਲਿਆ ਕੇ ਸਾਡੇ ਤੇ ੧੦੭/੧੫੧ ਦਾ ਕੇਸ ਬਣਾ ਕੇ ਸਾਨੂੰ ਹਵਾਲਾਤ ਵਿਚ ਬੰਦ ਕਰ ਦਿੱਤਾ ਗਿਆ। ਐਵੇਂ ਕਹੀਏ, ਪੁਲੀਸ ਨੇ ਸਾਡੇ ਨਾਲ ਹੋਰ ਕੋਈ ਗ਼ੈਰ ਇਨਸਾਨੀ ਸਲੂਕ ਨਹੀਂ ਕੀਤਾ। ਦੂਜੇ ਦਿਨ ਸਾਡੀਆਂ ਜ਼ਮਾਨਤਾਂ ਹੋ ਗਈਆਂ। ਦੂਜੀ ਤਰੀਕ ਤੇ ਨਾਇਬ ਕੋਰਟ ਨੇ ਸਾਨੂੰ ਰਾਜ਼ੀਨਾਮਾ ਕਰਨ ਦੀ ਸਲਾਹ ਦੇ ਕੇ ਅਗਾਂਹ ਤਰੀਕ ਪਾ ਦਿੱਤੀ। ਅਸੀਂ ਉਸ ਨੂੰ ਪੁੱਛਿਆ :

'ਅਸੀਂ ਰਾਜ਼ੀਨਾਮਾ ਕੀਹਦੇ ਨਾਲ ਕਰੀਏ, ਸਾਨੂੰ ਤਾਂ ਮੁਦੱਈ ਦਾ ਹੀ ਪਤਾ ਨਹੀਂ ?'

'ਕਿਉਂ ਮਖ਼ੌਲ ਕਰਦੇ ਓ ? ਮੁਦੱਈ ਦਾ ਕਿਵੇਂ ਨਾ ਪਤਾ ਹੋਵੇ ?' ਉਸ ਨੂੰ ਸਾਡੀ ਗੱਲ ਤੇ ਇਤਬਾਰ ਨਾ ਆਵੇ।

ਸਾਰੀ ਗੱਲ ਸੁਣ ਕੇ ਉਸ ਨੇ ਕਾਗਜ਼ਾਂ ਵਿਚੋਂ ਪੜ੍ਹ ਕੇ ਦਸਿਆ ਕੋਈ ਬਲਵੀਰਸਿੰਘ ਪੁੱਤਰ ਦਲੀਪ ਸਿੰਘ(ਭੀਖੀ) ਅਤੇ ਰਾਮਦਾਸ ਪੁੱਤਰ ਬੇਲਾ ਰਾਮ (ਬਠਿੰਡਾ) ਨਾਮੀ ਆਦਮੀ ਹਨ, ਜਿਹਨਾਂ ਨੂੰ ਮਿਲ ਕੇ 'ਰਾਜ਼ੀਨਾਮਾ' ਕੀਤਾ ਜਾ ਸਕਦਾ ਹੈ।

ਅਸੀਂ ਉਹਨਾਂ ਨੂੰ ਕਿੱਥੋਂ ਭਾਲਦੇ ? ਸਾਥੀਆਂ ਨਾਲ ਸਬੰਧ ਰੱਖਣ ਵਾਲੇ ਬੰਦਿਆਂ ਤੋਂ ਪੁੱਛ-ਗਿੱਛ ਕਰਨ ਤੇ ਪਤਾ ਲੱਗਾ ਕਿ ਬਲਵੀਰ ਤਾਂ ਉਹ ਹੈ ਜੋ ਸੀ.ਪੀ.ਆਈ. ਦੇ ਦਫ਼ਤਰ ਵਿਚ ਕਿਤਾਬਾਂ ਵੇਚਦਾ ਹੈ ਅਤੇ ਰਾਮਦਾਸ ਵੀ ਉਹਨਾਂ ਦੇ ਦਫ਼ਤਰ ਵਿਚ ਹੀ ਰਹਿੰਦਾ ਹੈ। ਸਾਡੇ ਵਿਚ ਜਿਹੜਾ ਅਨਪੜ੍ਹ ਹੈ ਉਸ ਨੂੰ ਗੱਲਾਂ ਗੱਲਾਂ ਵਿਚ ਇਹ ਤਾਂ ਪਤਾ ਲਗ ਗਿਆ ਕਿ ਸੀ.ਪੀ.ਆਈ. ਨਾਮੀ ਕੋਈ ਸ਼ੈਅ ਹੈ, ਜਿਸ ਨੇ ਸਾਨੂੰ ਕੇਸ ਵਿਚ ਫਸਾਇਆ ਹੈ, ਪਰ ਉਹ ਸ਼ੈਅ ਹੈ ਕੀ, ਇਸ ਗੱਲ ਦਾ ਉਸ ਨੂੰ ਪਤਾ ਨਾ ਲੱਗੇ। ਅਖੀਰ ਅੱਕ ਕੇ ਉਸ ਨੇ ਕਿਹਾ, 'ਯਾਰ ਸੀ.ਪੀ.ਆਈ. ਕੀ ਚੀਜ਼ ਐ ? ਬੰਦੈ ਕਿ ਬੁੜ੍ਹੀ ? ਉਹਦੇ ਨਾਲ ਗੱਲ ਕਰ ਲੋ, ਬਾਹਲਾ ਕਰੂ ਪੈਸੇ ਲੈ ਲੂ ਗੀ।'

ਖ਼ੈਰ, ਅਸੀਂ ਸੀ.ਪੀ.ਆਈ. ਦੇ ਦਫ਼ਤਰ ਪਹੁੰਚ ਗਏ। ਕਿਉਂ ਜੀ, ਬਲਵੀਰ ਸਿੰਘ ਤੁਸੀਂ ਹੋ ?' ਕਿਤਾਬਾਂ ਵੇਚਣ ਵਾਲੇ ਨੂੰ ਅਸੀਂ ਪੁਛਿਆ। ਕਿਸੇ ਨਾਲ ਗੱਲਾਂ 'ਚ ਰੁਝਿਆ ਹੋਣ ਕਰ ਕੇ ਉਸ ਨੂੰ ਸਾਡੀ ਗੱਲ ਸੁਣੀ ਨਾ। ਅਚਾਨਕ ਸਾਡੇ ਵਲ ਮੂੰਹ ਭੰਵਾ ਕੇ ਉਸ ਨੇ ਕਿਹਾ, ਸੌਡੇ ਸਾਂਹਮਣੇ ਪਈਐ; ਜਿਹੜੀ ਮਰਜ਼ੀ ਲੈ ਲੋ, ਸਾਥੀ' ਉਸਦਾ ਇਸ਼ਾਰਾ ਕਿਤਾਬਾਂ ਵਲ ਸੀ।

ਦੁਬਾਰਾ ਪੁੱਛਣ ਤੇ ਪਤਾ ਲੱਗਾ, ਉਹੀ ਬਲਵੀਰ ਸਿੰਘ ਸੀ।

'ਤੁਸੀਂ ਸਾਡੇ ਵਿਰੁਧ ਕੇਸ ਦਰਜ ਕਰਵਾਇਐ। ਲੜਨਾ ਤਾਂ ਦੂਰ ਦੀ ਗੱਲ ਐ, ਆਪਾਂ ਤਾਂ ਇਕ ਦੂਜੇ ਨੂੰ ਜਾਣਦੇ ਵੀ ਨਹੀਂ।' ਅਸੀਂ ਆਖਿਆ।

'ਹੈਂ ? ਮੈਂ ਕੇਸ ਦਰਜ ਕਰਵਾਇਐ ? ਕਿਹੜਾ ਕੇਸ?' ਉਸ ਵਿਚਾਰੇ ਨੂੰ ਕੁਝ ਪਤਾ ਹੀ ਨਹੀਂ ਸੀ। ਇਹੋ ਹਾਲ ਰਾਮਦਾਸ ਦਾ ਸੀ। ਰਾਮਦਾਸ ਨੇ ਭੁਲੇਖਾ ਖਾ ਕੇ ਸਾਡੇ ਨਾਲ ਮਾਰਕੀਟ ਕਮੇਟੀ ਦੇ ਕਿਸੇ ਕੰਮ ਬਾਰੇ ਗੱਲਾਂ ਸ਼ੁਰੂ ਕਰ ਦਿਤੀਆਂ। ਉਸ ਭਾਣੇ ਅਸੀਂ ਮਾਰਕੀਟ ਕਮੇਟੀ ਦੇ ਕਿਸੇ ਕੰਮ ਆਏ ਸਾਂ।

ਫਿਰ ਪਾਰਟੀ ਦੇ ਜ਼ਿਲਾ ਸਕੱਤਰ ਸਾਥੀ ਜੋਗਿੰਦਰ ਭਸੀਨ ਨੇ ਦਸਿਆ ਕਿ ਪਾਰਟੀ ਵਲੋਂ ਉਹਨਾਂ ਦਾ ਨਾਮ ਲਿਖ ਦਿਤਾ ਗਿਆ ਹੋਣਾ ਹੈ। 'ਹੋਣਾ ਹੈ' ਤਾਂ ਉਸ ਨੇ ਸੀ.ਪੀ.ਆਈ.-ਪੁਣੇ ਨਾਲ ਕਹਿ ਦਿਤਾ, ਉਂਞ ਉਸ ਨੂੰ ਸਭ ਕੁਝ ਪਤਾ ਸੀ।

'ਸਮਝੌਤੇ' ਦੀ ਗੱਲ ਪੱਕੀ ਹੋ ਗਈ। ਸਮਝੌਤੇ ਲਈ ਅਦਾਲਤ ਵਿਚ ਅਰਜ਼ੀ ਮੁਦੱਈ ਵਲੋਂ ਦੇਣੀ ਪੈਂਦੀ ਹੈ ਤੇ ਮੁਦੱਈ ਇਕ ਹੀ ਹੁੰਦਾ ਹੈ, ਪਰ ਸਾਡੇ ਕੋਲ ਤਾਂ ਦੋ ਸਾਥੀਆਂ ਦਾ ਨਾਮ ਸੀ। ਇਕ ਉਹਨਾਂ 'ਚੋਂ ਗਵਾਹ ਸੀ। ਜਦੋਂ ਅਰਜ਼ੀ ਲਿਖਣੀ ਸੀ ਤਾਂ ਸਾਨੂੰ ਪਤਾ ਨਾ ਲੱਗੇ ਇਹਨਾਂ 'ਚੋਂ ਮੁਦੱਈ ਕਿਹੜਾ ਹੈ ਤੇ ਗਵਾਹ ਕਿਹੜਾ। ਅਸੀਂ ਬਲਵੀਰ ਸਿੰਘ ਅਤੇ ਰਾਮਦਾਸ ਨੂੰ ਪੁਛਿਆ ਕਿ ਤੁਹਾਡੇ 'ਚੋਂ ਕੌਣ ਕੀ ਹੈ ਤਾਂ ਉਹਨਾਂ ਨੇ ਕਿਹਾ, 'ਅਸੀਂ ਕੀ ਹੋਣਾ ਸੀ, ਸਾਨੂੰ ਕੀ ਪਤੈ, ਸਾਡਾ ਨਾ ਤਾਂ ਐਵੇਂ ਪਾਰਟੀਬਾਜ਼ੀ ਕਰ ਕੇ ਲਖਿਆਤਾ' 'ਪਾਰਟੀਬਾਜ਼ੀ ਤੋਂ ਉਹਨਾਂ ਦਾ ਭਾਵ 'ਪਾਰਟੀ ਡਿਊਟੀ' ਸੀ।

ਹੁਣ ਕੋਈ ਸੰਗਦਾ ਨਾਇਬ ਕੋਰਟ ਕੋਲ ਇਹ ਪੁੱਛਣ ਨਾ ਜਾਵੇ ਕਿ ਸਾਡਾ ਮੁਦੱਈ ਕਿਹੜਾ ਹੈ। ਅਖੀਰ ਸਾਡੇ 'ਚੋਂ ਇਕ ਨੂੰ ਨਾਲ ਲੈ ਕੇ ਬਲਵੀਰ ਸਿੰਘ ਚਲਾ ਗਿਆ। ਉਸ ਨੇ ਜਾ ਕੇ ਨਾਇਬ ਕੋਰਟ ਨੂੰ ਕਿਹਾ, 'ਜੀ, ਮੈਂ ਸਾਥੀ ਬਲਵੀਰ ਸਿੰਘ ਹਾਂ। ਮੈਨੂੰ ਦਸੋ ਸਾਥੀ ਮੁਦੱਈ ਮੈਂ ਹਾਂ ਕਿ ਸਾਥੀ ਰਾਮਦਾਸ ਤੇ ਸਾਥੀ ਗਵਾਹ ਕਿਹੜਾ ਸਾਥੀ ਹੈ ?

'ਬੜੇ ਅਜੀਬ ਕੇਸ ਆਉਂਦੇ ਐ ?' ਲੈ ਇਹਨੂੰ ਇਉਂ ਈ ਨੀ ਪਤਾ ਬਈ ਮੈਂ ਮੁਦੱਈ ਐਂ ਕਿ ਗਵਾਹ ? ਨਾ ਤੁਸੀਂ ਅਦਾਲਤ ਨੂੰ ਪਾਰਟੀ ਦਫ਼ਤਰ ਈ ਸਮਝਦੇ ਓ ?

ਨਾਇਬ ਕੋਰਟ ਨੂੰ ਗੁੱਸਾ ਆ ਗਿਆ।

'ਚਲੋ ਜੀ, ਗ਼ਲਤੀ ਹੋ ਗੀ ਸਾਥੀ, ਨਾ ਸੱਚ ਜਨਾਬ, ਹੁਣ ਤਾਂ ਸਾਡਾਂ ਸਮਝੌਤਾ ਹੋ ਗਿਐ ਹਜ਼ੂਰ।' ਬਲਵੀਰ ਸਿੰਘ ਨੇ ਨਾਇਬ ਕੋਰਟ ਦਾ ਗੁੱਸਾ ਠੰਢਾ ਕਰ ਦਿਤਾ। ਉਸ ਨੇ ਕਾਗਜ਼ ਫਰੋਲ ਕੇ ਦੱਸਿਆ, 'ਅਦਾਲਤ ਦੇ ਰਿਕਾਰਡ ਵਿਚ ਬਲਵੀਰ ਸਿੰਘ ਨੂੰ ਮੁਦੱਈ ਪਾਇਆ ਗਿਆ ਹੈ ਤੇ ਰਾਮਦਾਸ ਨੂੰ ਗਵਾਹ। ਨੋਟ ਕਰ ਲਓ ਮੈਂ ਫੇਰ ਨਹੀਂ ਦੱਸਣਾ।' ਸਾਥੀ ਨੇ ਨੋਟ ਕਰ ਲਿਆ।

ਜਦੋਂ ਰਾਜ਼ੀਨਾਮਾ ਪੇਸ਼ ਕੀਤਾ ਗਿਆ ਤਾਂ ਐਸ. ਡੀ. ਐਮ. ਨੇ ਕਿਹਾ, 'ਹੁਣ ਤਾਂ ਨੀ ਲੜਦੇ ? ਜਾਓ ਤੁਹਾਨੂੰ ਅਦਾਲਤ ਬਰੀ ਕਰਦੀ ਐ।' 'ਲੜਦੇ' ਸੁਣ ਕੇ ਸਾਡੇ ਵਿਚੋਂ ਇਕ ਦਾ ਹਾਸਾ ਨਿਕਲ ਗਿਆ। ਅਸੀਂ ਬਾਹਰ ਆ ਗਏ। ਸਾਡੇ ਵਿਚੋਂ ਇਕ ਗੁਣਗੁਣਾ ਰਿਹਾ ਸੀ—

ਮੈਂ ਕਦ ਸੂਹੇ ਬੋਲ ਕਹੇ, ਮੈਂ ਕਦ ਰੋਸ਼ਨ ਬਾਤੂ ਉਗਾਈ
ਐਵੇਂ ਪੱਥਰ ਚੁੱਕੀ ਫਿਰਦੀ, ਸਾਡੇ ਪਿਛੇ ਸੀ. ਪੀ. ਆਈ.

ਅਸੀਂ ਹਾਂ—

ਕੁਲਵੰਤ ਸਿੰਘ ਐਮ.ਏ. (ਲੈਕਚਰਾਰ, ਗਿੱਦੜਬਾਹਾ)
ਬਰਜਿੰਦਰ ਸਿੰਘ ਐਮ. ਏ. (ਥਰਮਲ, ਬਠਿੰਡਾ)
ਦਰਸ਼ਨ ਜੋਕ ਐਮ.ਏ. (ਪੰਜਾਬੀ ਯੂ: ਪਟਿਆਲਾ)
ਹਰਦੀਪ ਸਿੰਘ ਉਰਫ਼ ਛੋਟਾ ਜੱਟ ਵਾਸੀ ਪਿੰਡ ਭੋਖੜਾ
ਬਲਤੇਜ ਸਿੰਘ ਡੀ.ਪੀ.ਈ. (ਮਹਿਮਾ)
ਜਗਜੀਤ ਸਿੰਘ ਪੀ ਟੀ.ਆਈ. (ਹਰਰਾਏ ਪੁਰ)

■ ਉਹ ਜੋ ਤੁਸੀਂ ਮੰਨਣਾ ਨਹੀਂ

ਕਿਰਪਾਨਾਂ ਵਾਲੇ ਸਾਥੀ ਨੇ ਚਾਹ ਪੀਣ ਗਏ ਦੋਸਤਾਂ ਨੂੰ ਇਹ ਵੀ ਕਿਹਾ ਸੀ, 'ਦੋ ਮਿੰਟ ਦੇ ਅੰਦਰ ਅੰਦਰ ਦਸ ਦਿਓ ਪੋਸਟਰ ਕਿਸ ਨੇ ਲਾਏ ਹਨ, ਨਹੀਂ ਤਾਂ ਤੁਹਾਡੀ ਬੋਟੀ ਬੋਟੀ ਕਰ ਦਿਆਂਗੇ। ਤੁਹਾਡੀ ਔਕਾਤ ਕੀ ਹੈ ਮੇਰੇ ਸਾਹਮਣੇ, ਮੈਂ ਸੀ.ਪੀ.ਆਈ. ਦਾ ਲੈਨਿਨ ਹਾਂ।'

ਸਾਡੇ ਵਿਚੋਂ ਇਕ ਨੇ ਇਕ ਵਲੰਟੀਅਰ ਸਾਥੀ ਤੋਂ ਪਾਣੀ ਮੰਗਿਆ। ਜੁਆਬ ਮਿਲਿਆ, 'ਹੱਛਾ ਦਿਹਾੜੀ ਲਈਏ ਕਮਿਊਨਿਸਟਾਂ ਤੋਂ ਤੇ ਪਾਣੀ ਪਿਆਈਏ ਸੋਨੂੰ।'

ਕਈ ਦਿਨਾਂ ਬਾਅਦ ਇਕ ਆਗੂ ਸਾਥੀ ਨੇ ਇਸ ਕਰਤੂਤ ਦੀ ਸਿਧਾਂਤਕ ਵਿਆਖਿਆ ਪੇਸ਼ ਕੀਤੀ, 'ਜੇ ਦੱਬੇ ਕੁਚਲੇ ਸਾਥੀਆਂ ਦਾ ਗੁੱਸਾ ਨਿਕਲਦਾ ਰਹੇ ਤਾਂ ਸਮੁਚੀ ਕਿਸਾਨ ਲਹਿਰ ਨੂੰ ਖੱਬੇ ਕੁਰਾਹੇ ਪੈਣ ਦਾ ਖ਼ਤਰਾ ਪੈਦਾ ਨਹੀਂ ਹੁੰਦਾ। ਅਤੇ ਜਿੰਨਾ ਚਿਰ ਅਸੀਂ ਇੰਨੇ ਮਜ਼ਬੂਤ ਨਹੀਂ ਹੋ ਜਾਂਦੇ ਕਿ ਅਸੀਂ ਆਪਣਾ ਗੁੱਸਾ ਲੋਕ-ਵਿਰੋਧੀ ਅਨਸਰ ਤੇ ਕੱਢ ਸਕੀਏ, ਉਂਨਾ ਚਿਰ ਇਹ ਲੋਕਾਂ ਤੇ ਹੀ ਕੱਢਣਾ ਪਵੇਗਾ। ਸੋ ਸਾਥੀਓ! ਬਹੁਤੀ ਨੁਕਤਾਚੀਨੀ ਦੀ ਲੋੜ ਨਹੀਂ, ਜਾਓ! ਜਾ ਕੇ 'ਸੋਵੀਅਤ ਦੇਸ' ਦੇ ਗਾਹਕ ਬਣਾਓ।'

ਕੁਝ ਸੰਪਾਦਕ ਵਲੋਂ

## ਮੋਗਾ ਅਤੇ ਉਹਦੇ ਲੇਖਕ

ਮੋਗੇ ਦੇ ਲੇਖਕਾਂ ਬਾਰੇ 'ਸਰਦਲ' ਦੇ 'ਰਾਮਪੁਰ ਫੂਲ ਅੰਕ' ਵਿਚ ਇਕ ਚੁਟਕਲਾ ਛਪਿਆ ਸੀ। ਇਸ ਨੂੰ ਮੋਗੇ ਦੇ ਲੇਖਕਾਂ ਨੇ ਠੀਕ ਨਹੀਂ ਸਮਝਿਆ ਸੀ। ਅਸੀਂ ਪ੍ਰੀਤਮ ਬਰਾੜ ਲੰਡੇ ਵਲੋਂ ਉਹਦਾ ਜਵਾਬ ਛਾਪ ਦਿਤਾ ਸੀ, ਪਰ ਇਸ ਜਵਾਬ ਵਿਚ ਅਸਿੱਧੇ ਜਿਹੇ ਤਰੀਕੇ ਨਾਲ ਉਹਨੇ ਮੋਗੇ ਦੀ ਦੂਜੀ ਲਿਖਾਰੀ ਸਭਾ ਤੇ ਇਹ ਇਲਜ਼ਾਮ ਲਾ ਦਿਤਾ ਕਿ ਮੋਗਾ ਕਾਂਡ ਬਾਰੇ ਕਵਿਤਾਵਾਂ ਦੀ ਕਿਤਾਬ ਛਾਪਣ ਬਾਰੇ ਕੁਝ ਫੰਡ ਇਕੱਠਾ ਕੀਤਾ ਗਿਆ ਸੀ, ਉਹ ਕਿਤਾਬ ਛਪੀ ਨਹੀਂ। ਪਿਛੋਂ ਇਕ ਹੋਰ ਚਿੱਠੀ ਰਾਹੀਂ ਪਤਾ ਲੱਗਾ ਕਿ ਇਹ ਇਲਜ਼ਾਮ ਗ਼ਲਤ ਹੈ ਅਤੇ ਕੋਈ ਫੰਡ ਇਕੱਠਾ ਨਹੀਂ ਕੀਤਾ ਗਿਆ ਅਤੇ ਉਸ ਵਿਚ ਇਹ ਵੀ ਕਿਹਾ ਗਿਆ ਕਿ ਪ੍ਰੀਤਮ ਬਰਾੜ ਲੰਡੇ ਵਾਲੀ ਲੇਖਕ ਜਥੇਬੰਦੀ ਐਵੇਂ ਤਿੰਨ ਚਾਰ ਲੇਖਕਾਂ ਦੀ ਰਲ ਕੇ ਬਣਾਈ ਹੋਈ ਜਥੇਬੰਦੀ ਹੈ। ਇਸ ਵਿਸ਼ੇ ਤੇ ਦੋਨਾਂ ਧਿਰਾਂ ਵਲੋਂ ਸਰਦਲ ਵਿਚ ਛਪਣ ਲਈ ਚਿੱਠੀਆਂ ਆਈਆਂ ਹਨ। ਅਸੀਂ ਇਹ ਚਿੱਠੀਆਂ ਛਾਪਣ ਤੋਂ ਅਸਮਰਥ ਹਾਂ, ਕਿਉਂਕਿ ਇਹਨਾਂ ਵਿਚੋਂ ਆਮ ਪਾਠਕ ਲਈ ਕੁਝ ਨਹੀਂ ਲੱਭਦਾ। ਸਰਦਲ ਵਿਚ ਛਪੀ ਹੋਈ ਕਿਸੇ ਚੀਜ਼ ਨੇ ਜੇਕਰ ਕਿਸੇ ਵਿਅਕਤੀ ਦੇ ਜਜ਼ਬਾਤ ਨੂੰ ਠੇਸ ਪੁਚਾਈ ਹੈ ਤਾਂ ਖ਼ਿਮਾਂ ਮੰਗਦੇ ਹੋਏ ਅਸੀਂ ਇਸ ਵਿਸ਼ੇ ਨੂੰ ਬੰਦ ਕਰਨ ਦੀ ਇਜਾਜ਼ਤ ਮੰਗਦੇ ਹਾਂ।

—ਇਕ ਪਾਠਕ ਨੇ ਲਿਖਿਆ ਹੈ ਕਿ ਪ੍ਰੋ: ਪ੍ਰਵਾਨਾ ਦੇ ਲੇਖ ਦੇ ਜਵਾਬ ਵਿਚ ਇ ਬਾਲ ਸਿੰਘ ਦੇ ਲੇਖ ਦਾ ਅਗਲਾ ਭਾਗ ਕਿਉਂ ਨਹੀਂ ਛਪਿਆ ? ਬੇਨਤੀ ਹੈ ਕਿ ਇਕਬਾਲ ਸਿੰਘ ਨੇ ਭਾਵੇਂ ਉਸ ਲੇਖ ਦੇ ਥਲੇ (ਚਲਦਾ) ਲਿਖਿਆ ਸੀ, ਪਰ ਦੂਜਾ ਭਾਗ ਸਾਨੂੰ ਹਾਲੇ ਮਿਲਿਆ ਨਹੀਂ। /ਸੰਪਾਦਕ


## ਬਲਰਾਜ ਸਾਹਨੀ ਯਾਦਗਾਰ ਪੁਸਤਕਸ਼ਾਲਾ

ਵਲੋਂ ਛਪੀਆਂ ਨਵੀਆਂ ਕਿਤਾਬਾਂ

ਪਹਿਲੀ ਰਾਤ ਦੀ ਤਲਾਸ਼—(ਕਹਾਣੀ ਸੰਗ੍ਰਹਿ) ਜਗਜੀਤ ਸਿੰਘ ਆਹੂਜਾ।
ਕਰਵਟ—ਸਾਲ ੧੯੭੩ ਦੀ ਚੋਣਵੀਂ ਕਹਾਣੀ ਦਾ ਸੰਗ੍ਰਹਿ। ਸੰਪਾਦਕ ਵਰਿਆਮ ਸਿੰਘ ਸੰਧੂ।
ਹਯਾਤੀ ਨਾਲੋਂ ਟੁੱਟੀ ਕੜੀ (ਕਹਾਣੀ ਸੰ:) ਬੀਬਾ ਕੁਲਵੰਤ
ਉਡਦੇ ਬਾਜ਼ਾਂ ਮਗਰ—(ਕਵਿਤਾ) ਪਾਸ਼।

ਇਹ ਕਿਤਾਬਾਂ ਅਤੇ ਜਨਵਰੀ ਸਰਦਲ ਦੀ ਲਿਸਟ ਵਿਚ ਦਿਤੀਆਂ ਕਿਤਾਬਾਂ ਸਾਡੇ ਕੋਲੋਂ ੭੫ ਸਫ਼ੇ ਪ੍ਰਤੀ ਰੁਪੈ ਦੇ ਹਿਸਾਬ ਮੰਗਵਾਓ। —ਸੰਚਾਲਕ